ISSN 0972-2335

# ਅੰਮ੍ਰਿਤ ਕੀਰਤਨ

## ਜਨਵਰੀ 2020



*(Portrait of Sri Guru Gobind Singh Ji by Sobha Singh Artist)*

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-

# ਵਿਸਾਖ

ਵਿਸਾਖ ਨ ਵਿਸਰੇ ਇਕ ਪਲ ਮੈਨੂੰ ਯਾਦ ਤੇਰੀ ਬੀਮਾਰ ਕੀਤਾ।
ਨਾਲ ਦੀਆਂ ਸਖੀਆਂ ਖੁਸ਼ੀਆਂ ਮਾਨਣ ਜਿਨ੍ਹਾਂ ਤੈਨੂੰ ਪਿਆਰ ਕੀਤਾ।
ਦੁੱਖ ਵਿਛੋੜਾ ਸਹਿਆ ਨਾ ਜਾਵੇ ਤਾਂਘ ਤੇਰੀ ਭਸਮਾਰ ਕੀਤਾ।
ਉਸ ਵੇਲੇ ਨੂੰ ਪਛਤਾਂਵਦੀ ਹਾਂ ਜਦੋਂ ਪ੍ਰੇਮ ਵਪਾਰ ਕੀਤਾ।
ਹੁਣ ਤਕ ਟੁਰਦੀ ਪਹੁੰਚ ਮੈਂ ਜਾਂਦੀ ਕਾਹਨੂੰ ਘੋੜ ਸਵਾਰ ਕੀਤਾ।
ਵਿੰਨ੍ਹੀ ਗਈ ਮੈਂ ਉਸੇ ਵੇਲੇ ਜਦੋਂ ਸੁਹਣੇ ਨਾਲ ਪਿਆਰ ਕੀਤਾ।
ਸੰਤੋਖ ਸਿੰਘਾ ਇਹ ਸੱਚ ਦਾ ਸੌਦਾ ਮੈਂ ਭੀ ਨਹੀਂ ਉਧਾਰ ਕੀਤਾ।



# विसाख

विसाख न विसरे इक पल मैनू याद तेरी बिमार कीता।
नाल दीआं सखीआं खुशीआं मानण जिन्हां तैनूं प्यार कीता।
दुख विछोड़ा सहिया न जावे जदों प्रेम प्यार कीता।
उस वेले नूं पछतांवदी हां जदों प्रेम वपार कीता।
हुण तक तुरदी पहुँच मैं जांदी काहनूं घोड़ सवार कीता।
विन्नी गई मैं उसे वेले जदों सोहणे नाल प्यार कीता।
संतोख सिंघा इह सच दा सौदा मैं भी नहीं उधार कीता।

# ਇਸ ਅੰਕ ਵਿਚ



| | |
|---|---|
| ਵਿਸਾਖ – ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ | ਟਾ-2 |
| ਸੰਪਾਦਕੀ: ਕਰਉ ਬੇਨੰਤੀਆ: ਸੂਕੇ ਕਾਸਟ ਹਰਿਆ | 2 |
| ਗੁਰਮਤਿ ਸੰਗੀਤ ਨੂੰ ਡਾ. ਗੁਰਨਾਮ ਸਿੰਘ ਦੀ ਦੇਣ – ਸ. ਤੀਰਥ ਸਿੰਘ ਢਿੱਲੋਂ | 4 |
| Justice Sardar Man Singh Ji - Late S. Balbir Singh | 6 |
| ਗੁਰਮਤਿ ਸੰਗੀਤ ਵਿਚ ਰਾਗ ਮਾਲੀ ਗਉੜਾ ਅਤੇ ਤੁਖਾਰੀ – ਡਾ. ਗੁਰਨਾਮ ਸਿੰਘ | 7 |
| ਗੁਰੂ ਗੋਬਿੰਦ ਸਿੰਘ ਜੀ ਦਾ ਚਿੱਤਰ: ਇਕ ਵਿਲੱਖਣ ਅੰਦਾਜ਼ – (ਟਾਈਟਲ ਚਿੱਤਰ ਬਾਰੇ) – ਜਗਤਾਰਜੀਤ ਸਿੰਘ | 9 |
| ਪੰਜਾਬ ਘਰਾਨੇ ਦੇ ਤਬਲਾ ਵਾਦਨ ਦੀ ਪਰੰਪਰਾ – ਬਲਵਿੰਦਰ ਸਿੰਘ | 11 |
| ਸੁਰਲਿਪੀ – ਰਾਗ ਮਧੁਵੰਤੀ – ਸਰਦਾਰ ਗੁਰਬਖਸ਼ ਸਿੰਘ | 18 |
| ਸੁਰਲਿਪੀ ਵਾਲਾ ਸ਼ਬਦ ਅਤੇ ਉਸ ਦੇ ਅੰਗ੍ਰੇਜ਼ੀ ਵਿਚ ਅਰਥ | 20 |
| ਆਪਣੇ ਰਾਹਬਰ ਨੂੰ ਚੇਤੇ ਕਰਦਿਆਂ – ਸ਼ਿਵ ਨਾਥ | ਟਾ-3 |




**ਸੰਪਾਦਕ (ਆਨਰੇਰੀ)**

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ.ਡੀ.

ਸਹਿਯੋਗੀ

**ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ**


- **ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**
- **'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90, ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।**

**ਚੰਦੇ ਦਾ ਵੇਰਵਾ**

- ਇਕ ਕਾਪੀ: 15 ਰੁਪਏ
- ਦੇਸ਼ ਸਾਲਾਨਾ ਚੰਦਾ: 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼: ਸਾਲਾਨਾ ਚੰਦਾ INR 1500
- 'ਅੰਮ੍ਰਿਤ ਕੀਰਤਨ' ਲਈ ਡਰਾਫ਼ਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**

422, ਸੈਕਟਰ 15-ਏ, ਚੰਡੀਗੜ੍ਹ-160015

ਫ਼ੋਨ: 0172-2772660, 098140 53630

e-mail: drjagirsingh@gmail.com

Website: http://www.amritkirtan.com



**ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,** ਸ਼ੋਅਰੂਮ ਨੰ: 443, ਸੈਕਟਰ 70, ਮੁਹਾਲੀ (ਫ਼ੋਨ: 0172-2216283, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

## ਕਰਉ ਬੇਨੰਤੀਆ

# ਸੂਕੇ ਕਾਸਟ ਹਰਿਆ

'ਜਦੋਂ ਤਕ ਤੁਸੀਂ ਹਰੇ ਹੋ ਵਿਕਾਸ ਕਰਦੇ ਹੋ।ਜਦੋਂ ਤੁਸੀਂ ਪੱਕ ਜਾਂਦੇ ਹੋ ਸੜਨ-ਗਲਣ ਲੱਗ ਜਾਂਦੇ ਹੋ।' ਮੈਕਡੋਲਨ ਕੰਪਨੀ ਦੇ ਮਾਲਕ ਰੇਕਰਾਕ ਨੇ ਵਿਅਕਤੀਆਂ ਦੇ ਵਿਕਾਸ ਬਾਰੇ ਇਹ ਗੱਲ ਆਖੀ ਸੀ। ਕਈ ਵਿਅਕਤੀ ਜਦੋਂ ਕੋਈ ਪ੍ਰਾਪਤੀ ਕਰ ਲੈਂਦੇ ਹਨ ਤਾਂ ਆਪਣੇ ਵਿਕਾਸ ਲਈ ਮਿਹਨਤ ਕਰਨੀ ਬੰਦ ਕਰ ਦਿੰਦੇ ਹਨ।ਜਿਵੇਂ ਜੇ ਕਿਸੇ ਨੇ ਐਮ ਏ ਜਾਂ ਪੀਐਚ ਡੀ ਕਰ ਲਈ ਹੋਵੇ ਤਾਂ ਉਹ ਆਪਣੇ ਆਪਣੇ ਆਪ ਨੂੰ ਉਸ ਵਿਸ਼ੇ ਦਾ ਮਾਹਿਰ ਸਮਝਣ ਲੱਗ ਪੈਂਦਾ ਹੈ। ਪਰ ਮੇਰੇ ਅਧਿਆਪਕ ਡਾਕਟਰ ਕੇਸਰ ਸਿੰਘ ਕੇਸਰ ਹੋਰੀਂ ਆਖਦੇ ਸਨ ਪੀਐਚ ਡੀ ਕਰਦਿਆਂ ਤਾਂ ਤੁਸੀਂ ਕੋਈ ਖੋਜ ਕਿਵੇਂ ਕਰਨੀ ਹੈ ਇਹ ਸਿਖਦੇ ਹੋ। ਖੋਜ ਤਾਂ ਬਾਅਦ ਵਿੱਚ ਕਰਨੀ ਹੁੰਦੀ ਹੈ।ਇਸ ਪ੍ਰਸੰਗ ਵਿੱਚ ਗੁਰਬਾਣੀ ਵਿੱਚੋਂ ਸਾਨੂੰ ਭਰਪੂਰ ਅਗਵਾਈ ਮਿਲਦੀ ਹੈ-ਜਦੋਂ ਮਨੁੱਖ ਕੋਈ ਪ੍ਰਾਪਤੀ ਕਰ ਲੈਂਦਾ ਹੈ ਤਾਂ ਉਸ ਵਿੱਚ ਹਉਮੈ ਆ ਜਾਂਦੀ ਹੈ ਤੇ ਉਸ ਦਾ ਵਿਕਾਸ ਰੁਕ ਜਾਂਦਾ ਹੈ।ਗੁਰਬਾਣੀ ਦੀਆਂ ਇਹ ਪਾਵਨ ਤੁਕਾਂ ਵਿਅਕਤੀਗਤ ਵਿਕਾਸ ਲਈ ਅਗਵਾਈ ਬਖਸ਼ਦੀਆਂ ਹਨ-


ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ।
ਗੁਰਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ।(10)
ਸਭੁ ਮਨੁ ਤਨੁ ਹਰਿਆ ਹੋਇਆ ਗੁਰਬਾਣੀ ਹਰਿ ਗੁਣ ਭਾਖੁ।(997)
ਮਾਹਾ ਰੁਤੀ ਆਵਣਾ ਵੇਖਹੁ ਕਰਮ ਕਮਾਇ।
ਨਾਨਕ ਹਰੇ ਨ ਸੂਕਹੀ ਜਿ ਗੁਰਮੁਖਿ ਰਹੇ ਸਮਾਇ।(1168)
ਮਿਲਿ ਪਾਣੀ ਜਿਉ ਹਰੇ ਬੂਟ।
ਸਾਧਸੰਗਤਿ ਤਿਉ ਹਉਮੈ ਛੂਟ।(1181)
ਕਰਿ ਸੰਗਤਿ ਤੂ ਸਾਧ ਕੀ ਅਠਸਠਿ ਤੀਰਥ ਨਾਉ।
ਜੀਉ ਪ੍ਰਾਣ ਮਨੁ ਤਨੁ ਹਰੇ ਸਾਚਾ ਏਹੁ ਸੁਆਉ।(47)
ਭਰਮਿ ਸੂਕੇ ਬਹੁ ਉਭਿ ਸੁਕ ਕਹੀਅਹਿ ਮਿਲਿ ਸਾਧੂ ਸੰਗਿ ਹਰੀਜੈ।(1326)
ਗੁਣ ਗਾਵਤ ਮਨੁ ਹਰਿਆ ਹੋਵੈ।
ਕਥਾ ਸੁਣਤ ਮਲੁ ਸਗਲੀ ਖੋਵੈ।(104)
ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ।(1193)
ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ।
ਨਾਨਕੁ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ।(1429)

ਨਵਾਂ ਸਾਲ ਮੁਬਾਰਕ--

-- ਭੁੱਲ ਚੁੱਕ ਖਿਮਾ ਜੀ --

# ਗੁਰਮਤਿ ਸੰਗੀਤ ਨੂੰ ਡਾ. ਗੁਰਨਾਮ ਸਿੰਘ ਦੀ ਦੇਣ

**– ਤੀਰਥ ਸਿੰਘ ਢਿੱਲੋਂ**



ਕੁੱਝ ਵਿਰਲੇ ਟਾਂਵੇਂ ਪਰਿਵਾਰ ਐਸੇ ਹੁੰਦੇ ਹਨ, ਜਿਨ੍ਹਾਂ 'ਤੇ ਕਾਦਰ ਦੀਆਂ ਵਿਸ਼ੇਸ਼ ਮਿਹਰਾਂ ਹੁੰਦੀਆਂ ਹਨ। ਅਜਿਹੇ ਪਰਿਵਾਰਾਂ ਵਿਚ ਹੀ ਸ਼ਾਮਲ ਹੈ ਡਾਕਟਰ ਗੁਰਨਾਮ ਸਿੰਘ ਦਾ ਪਰਿਵਾਰ, ਜਿਸ ਨੂੰ ਗੁਰੂ ਦੀ ਕੀਰਤੀ ਗਾਇਨ ਕਰਨ ਦਾ ਸੁਭਾਗ ਪਿਤਾ ਪੁਰਖੀ ਰੂਪ ਵਿਚ ਪ੍ਰਾਪਤ ਹੋਇਆ। ਡਾ. ਗੁਰਨਾਮ ਸਿੰਘ ਦੇ ਪਿਤਾ ਸ਼੍ਰੋਮਣੀ ਰਾਗ਼ੀ ਭਾਈ ਉਤਮ ਸਿੰਘ ਪਤੰਗ ਸਨ। ਅੱਗੋਂ ਉਨ੍ਹਾਂ ਦੇ ਤਿੰਨ ਪੁੱਤਰਾਂ ਡਾ. ਗੁਰਨਾਮ ਸਿੰਘ, ਡਾ. ਜਾਗੀਰ ਸਿੰਘ ਅਤੇ ਡਾ. ਬਚਿੱਤਰ ਸਿੰਘ 'ਤੇ ਵੀ ਅਕਾਲ ਪੁਰਖ਼ ਦੀ ਬਖਸ਼ਿਸ਼ ਹੈ। ਇਨ੍ਹਾਂ ਨੇ ਗੁਰਬਾਣੀ ਗਾਇਨ ਦੇ ਨਾਲ ਨਾਲ ਗੁਰਮਤਿ ਸੰਗੀਤ ਪ੍ਰਤੀ ਮਾਣਮੱਤੇ ਖੋਜ ਕਾਰਜ ਕੀਤੇ ਹਨ। ਡਾ. ਗੁਰਨਾਮ ਸਿੰਘ ਗੁਰਮਤਿ ਸੰਗੀਤਾਚਾਰੀਆ ਪ੍ਰੋਫੈਸਰ ਤਾਰਾ ਸਿੰਘ, ਆਗਰਾ ਘਰਾਣੇ ਦੇ ਪਦਮ ਸ਼੍ਰੀ ਉਸਤਾਦ ਸੋਹਨ ਸਿੰਘ, ਪਟਿਆਲਾ ਘਰਾਣਾ ਦੇ ਉਸਤਾਦ ਬਾਕਿਰ ਹੁਸੈਨ ਤੇ ਪ੍ਰਿੰ: ਐਸ ਐਸ ਕਰੀਰ ਦੇ ਲਾਡਲੇ ਸ਼ਿਸ਼ ਰਹੇ ਹਨ। ਡਾ. ਗੁਰਨਾਮ ਸਿੰਘ ਨੇ ਸੰਗੀਤ ਅਤੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਵੱਖ ਵੱਖ ਡਿਕਸ਼ਨਰੀਆਂ ਤੋਂ ਇਲਾਵਾ 18 ਪੁਸਤਕਾਂ, 122 ਖੋਜ ਪੱਤਰਾਂ ਅਤੇ 200 ਤੋਂ ਵੱਧ ਖੋਜ ਲੇਖਾਂ ਦਾ ਲੇਖਣ ਕੀਤਾ ਹੈ, ਜਿਨ੍ਹਾਂ ਨੂੰ ਆਕਸਫੋਰਡ ਪਬਲੀਕੇਸ਼ਨ ਸਮੇਤ ਦੇਸ਼ ਦੀਆਂ ਵੱਖ ਵੱਖ ਯੂਨੀਵਰਸਿਟੀਆਂ ਅਤੇ ਪ੍ਰਕਾਸ਼ਕਾਂ ਨੇ ਛਾਪਿਆ ਹੈ। ਉਨ੍ਹਾਂ ਦੇ ਵਿਸ਼ੇਸ਼ ਕਾਰਜਾਂ 'ਚੋਂ ਯੂਜੀਸੀ ਪ੍ਰਾਜੈਕਟ ਲਈ 9 ਵੀਡੀਓ ਲੈਕਚਰ, 26 ਆਡੀਓ ਰਿਕਾਰਡਿੰਗਜ਼, 4 ਵੀਡੀਓ ਰਿਕਾਰਡਿੰਗਜ਼, 5 ਡਾਕੂਮੈਂਟਰੀ ਫ਼ਿਲਮਾਂ, 6 ਸਿਗਨੇਚਰ ਧੁਨਾਂ ਆਦਿ ਤਿਆਰ ਕਰਨਾ ਪ੍ਰਮੁੱਖ ਹਨ। ਸਿੱਖ ਮਿਊਜ਼ੀਕਾਲੋਜੀ ਵਿਸ਼ੇਸ਼ ਕਰਕੇ ਗੁਰੂ ਗ੍ਰੰਥ ਸਾਹਿਬ ਦੇ ਨਿਰਧਾਰਤ ਰਾਗਾਂ ਸਬੰਧੀ ਉਨ੍ਹਾਂ ਦੀ ਖੋਜ ਵਿਸ਼ਵ ਪੱਧਰੀ ਮੰਨੀ ਜਾਂਦੀ ਹੈ। ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੇ ਪੰਜਾਬੀ ਯੂਨੀਵਰਸਿਟੀ ਦੇ ਸੰਗੀਤ ਵਿਭਾਗਾਂ ਦੇ ਮੁਖੀ ਰਹੇ ਹਨ। ਮਗਰੋਂ ਪਟਿਆਲਾ ਯੂਨੀਵਰਸਿਟੀ ਵਿਚ ਗੁਰਮਤਿ ਸੰਗੀਤ ਵਿਭਾਗ ਦੇ ਬਾਨੀ ਹੈੱਡ ਵਜੋਂ ਉਨ੍ਹਾਂ ਦੀਆਂ ਹੇਠ ਲਿਖੀਆਂ ਪ੍ਰਾਪਤੀਆਂ ਹਨ:

1. 2003 'ਚ ਡਾ. ਜਸਬੀਰ ਕੌਰ ਖਾਲਸਾ, ਚੇਅਰਪਰਸਨ ਸ਼੍ਰੀ ਗੁਰੂ ਗਿਆਨ ਪ੍ਰਕਾਸ਼ ਫਾਊਂਡੇਸ਼ਨ ਨਵੀਂ ਦਿੱਲੀ ਦੇ ਵਿੱਤੀ ਸਹਿਯੋਗ ਨਾਲ ਗੁਰਮਤਿ ਸੰਗੀਤ ਚੇਅਰ।
2. 2005 ਵਿਚ ਤਤਕਾਲੀ ਉਪ ਕੁਲਪਤੀ ਡਾ. ਐਸ ਐਸ ਬੋਪਾਰਾਏ ਦੀ ਸਰਪ੍ਰਸਤੀ ਹੇਠ ਗੁਰਮਤਿ ਸੰਗੀਤ ਵਿਭਾਗ।
3. 2007 ਵਿੱਚ ਗੁਰਮਤਿ ਸੰਗੀਤ ਭਵਨ।
4. 2010 ਵਿੱਚ ਸੰਤ ਸੁੱਚਾ ਸਿੰਘ ਆਰਕਾਈਵਜ ਆਫ਼ ਮਿਊਜ਼ਿਕ।

5. 2011 ਵਿੱਚ ਅਖੰਡ ਕੀਰਤਨੀ ਜੱਥਾ ਸਰੀ (ਕੈਨੇਡਾ) ਦੇ ਵਿੱਤੀ ਸਹਿਯੋਗ ਨਾਲ ਭਾਈ ਰਣਧੀਰ ਸਿੰਘ ਆਨਲਾਈਨ ਗੁਰਮਤਿ ਸੰਗੀਤ ਲਾਇਬ੍ਰੇਰੀ।

6. 2014 'ਚ ਗੁਰਮਤਿ ਗਿਆਨ ਆਨਲਾਈਨ ਸਟੱਡੀ ਸੈਂਟਰ।

7. 2016 ਵਿੱਚ ਸਵ: ਰਾਗੀ ਅਵਤਾਰ ਸਿੰਘ ਦਿੱਲੀ ਦੇ ਪਰਿਵਾਰ ਦੇ ਮਾਲੀ ਸਹਿਯੋਗ ਨਾਲ ਭਾਈ ਜੁਆਲਾ ਰਾਗ਼ੀ ਆਡੀਟੋਰੀਅਮ।

8. 2017 ਵਿਚ ਤੇਜ ਪ੍ਰਤਾਪ ਸੰਧੂ ਦੇ ਸਹਿਯੋਗ ਨਾਲ ਰਾਗ ਰਤਨ ਆਰਟ ਗੈਲਰੀ।

ਇਸ ਤੋਂ ਇਲਾਵਾ ਉਨ੍ਹਾਂ ਨੇ 2003 ਤੋਂ ਗੁਰਮਤਿ ਸੰਗੀਤ ਉਤਸਵ ਆਰੰਭ ਕਰਵਾਇਆ, ਜਿਹੜਾ ਨਿਰੰਤਰ ਜਾਰੀ ਹੈ। ਉਨ੍ਹਾਂ ਨੇ ਸ਼ਾਸਤਰੀ ਸੰਗੀਤ ਨੂੰ ਹੱਲਾਸ਼ੇਰੀ ਦੇਣ ਲਈ ਯੂਨੀਵਰਸਿਟੀ ਵਿਚ ਭਾਈ ਮਰਦਾਨਾ, ਸ਼ਾਸਤਰੀ ਸੰਗੀਤ ਸੰਮੇਲਨ ਆਰੰਭ ਕਰਵਾਇਆ। ਪੰਜਾਬ ਦੇ ਸ਼ਾਸਤਰੀ ਸੰਗੀਤਕਾਰਾਂ ਲਈ ਪੰਜਾਬ ਸੰਗੀਤ ਰਤਨ ਐਵਾਰਡ ਦੀ ਸਥਾਪਨਾ ਕੀਤੀ। ਪਦਮ ਸ਼੍ਰੀ ਉਸਤਾਦ ਸੋਹਨ ਸਿੰਘ ਸਮ੍ਰਿਤੀ ਸਮਾਰੋਹ ਦੀ ਆਰੰਭਤਾ ਅਤੇ ਸ਼ਾਸਤਰੀ ਸੰਗੀਤ ਵਿਚ ਪ੍ਰਚਲਿਤ ਪੰਜਾਬੀ ਬੰਦਿਸ਼ਾਂ ਬਾਰੇ 'ਪੰਜਾਬੀ ਬੰਦਿਸ਼ਾਂ' ਪੁਸਤਕ ਦਾ ਪ੍ਰਕਾਸ਼ਨ ਕਰਵਾਇਆ। ਡਾ. ਗੁਰਨਾਮ ਸਿੰਘ ਅਮਰੀਕਾ ਅਤੇ ਕੈਨੇਡਾ ਦੀਆਂ ਯੂਨੀਵਰਸਿਟੀਆਂ ਵਿੱਚ ਗੁਰਮਤਿ ਸੰਗੀਤ ਦੇ ਪ੍ਰਚਾਰ ਪ੍ਰਸਾਰ ਲਈ ਸੰਗੀਤ ਤੇ ਗੁਰਮਤਿ ਸੰਗੀਤ ਕੇਂਦਰ ਚਲਾ ਰਹੇ ਹਨ। ਉੱਥੇ ਗੁਰਮਤਿ ਸੰਗੀਤ ਦਰਬਾਰ, ਸਿਖਲਾਈ ਵਰਕਸ਼ਾਪ, ਪ੍ਰਤਿਯੋਗਤਾਵ ਤੇ ਸੈਮੀਨਾਰ ਵੀ ਲਾਉਂਦੇ ਹਨ।

ਡਾ. ਗੁਰਨਾਮ ਸਿੰਘ ਦੇ ਸ਼ਾਗਿਰਦਾਂ ਦਾ ਘੇਰਾ ਵਿਸ਼ਵ ਪੱਧਰੀ ਹੈ। ਦਰਬਾਰ ਸਾਹਿਬ, ਅੰਮ੍ਰਿਤਸਰ ਤੋਂ ਲੈ ਕੇ ਅਮਰੀਕਾ ਦੇ ਵ੍ਹਾਈਟ ਹਾਊਸ ਤੱਕ ਉਨ੍ਹਾਂ ਦੇ ਸ਼ਾਗਿਰਦ ਕਾਰਜਸ਼ੀਲ ਹਨ। ਉਨ੍ਹਾਂ ਦੀ ਅਗਵਾਈ ਹੇਠ ਅਣਗਿਣਤ ਵਿਦਿਆਰਥੀਆਂ ਨੇ ਪੀ. ਐਚ. ਡੀ. ਤੇ ਹੋਰ ਖੋਜ ਕਾਰਜ ਕੀਤੇ ਹਨ। ਉਨ੍ਹਾਂ ਦੇ ਸ਼ਾਗਿਰਦ ਅਨੇਕਾਂ ਤਾਲੀਮੀ ਅਦਾਰਿਆਂ ਵਿੱਚ ਬਤੌਰ ਡੀਨ, ਪ੍ਰੋਫੈਸਰ, ਟੀਚਰ, ਗਾਇਕ, ਸੰਗੀਤ ਨਿਰਦੇਸ਼ਕ/ਨਿਰਮਾਤਾ ਵਜੋਂ ਨਾਮਣਾ ਖੱਟ ਰਹੇ ਨੇ। ਡਾ. ਸਾਹਿਬ ਨੇ ਗੁਰੂ ਘਰ ਦੇ ਤੰਤੀ ਸਾਜ਼ਾਂ ਦੀ ਸਿਖਲਾਈ ਗੁਰਮਤਿ ਸੰਗੀਤ ਵਿਚ ਲਾਗੂ ਕਰਾਈ। ਉਨ੍ਹਾਂ ਨੇ ਰਬਾਬ ਬਾਰੇ ਖੋਜ ਕਰਕੇ ਘਾੜਤ ਘੜਵਾਈ, ਟ੍ਰੇਨਿੰਗ ਵਰਕਸ਼ਾਪਾਂ ਲਗਵਾਈਆਂ ਤੇ ਰਬਾਬੀ ਉਸਤਾਦਾਂ ਨੂੰ ਲੱਭਿਆ। ਇਸ ਤੋਂ ਇਲਾਵਾ ਉਨ੍ਹਾਂ ਨੇ ਖ਼ੁਦ ਤਾਊਸ ਗਾਇਨ ਸ਼ੁਰੂ ਕੀਤਾ ਅਤੇ ਅਨੇਕਾਂ ਵਿਦਿਆਰਥੀਆਂ ਤਿਆਰ ਕੀਤੇ, ਜਿਹੜੇ ਹਰਿਮੰਦਰ ਸਾਹਿਬ ਵਿਚ ਰਾਗੀਆਂ ਨਾਲ ਸੰਗਤ ਕਰਦੇ ਹਨ। ਉਨ੍ਹਾਂ ਦੀ ਦੇਣ ਦੇ ਮੱਦੇਨਜ਼ਰ ਪੰਜਾਬ ਸਰਕਾਰ ਵੱਲੋਂ 2001 ਵਿੱਚ ਸ਼੍ਰੋਮਣੀ ਰਾਗੀ ਐਵਾਰਡ ਦਿੱਤਾ ਗਿਆ। 2003 ਵਿੱਚ ਸੰਗੀਤ ਨਾਟਕ ਅਕੈਡਮੀ ਵੱਲੋਂ ਸੀਨੀਅਰ ਫੈਲੋਸ਼ਿਪ ਦਿੱਤੀ ਗਈ। 2010 ਵਿੱਚ ਪੰਜਾਬ ਸਰਕਾਰ ਵੱਲੋਂ ਸਟੇਟ ਐਵਾਰਡ। 2011 ਵਿਚ ਸ਼੍ਰੋਮਣੀ ਕਮੇਟੀ ਵੱਲੋਂ ਸ਼੍ਰੋਮਣੀ ਰਾਗੀ ਐਵਾਰਡ। 2017 ਵਿੱਚ ਭਾਈ ਨੰਦ ਲਾਲ ਗੁਰ ਹਰਜਸ ਸਨਮਾਨ। ਵਿਸਮਾਦ ਨਾਲ ਜਵੱਦੀ ਟਕਸਾਲ ਵੱਲੋਂ ਗੁਰਮਤਿ ਸੰਗੀਤ ਐਵਾਰਡ। ਹਰਿਵਲੱਭ ਸੰਗੀਤ ਸੰਮੇਲਨ ਵੱਲੋਂ ਬੈਸਟ ਰਾਗੀ ਐਵਾਰਡ ਅਤੇ ਐਜੂਕੇਸ਼ਨਜ਼ ਤੇ ਚੀਫ਼ ਖਾਲਸਾ ਦੀਵਾਨ ਵੱਲੋਂ ਐਵਾਰਡ ਉਨ੍ਹਾਂ ਦੀ ਝੋਲੀ ਪਏ। ਉਨ੍ਹਾਂ ਦੀਆਂ ਵਿਸ਼ਵ ਵਿਆਪੀ ਸੰਗੀਤਕ ਖ਼ਿਦਮਾਤ ਦੇ ਪੇਸ਼-ਏ-ਨਜ਼ਰ ਉਨ੍ਹਾਂ ਨੂੰ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਵੱਲੋਂ ਇਸ ਸਾਲ 6 ਫਰਵਰੀ ਨੂੰ ਕੌਮੀ ਪੱਧਰ ਦੇ ਸੰਗੀਤ ਨਾਟਕ ਅਕੈਡਮੀ ਐਵਾਰਡ ਨਾਲ ਨਵਾਜਿਆ ਗਿਆ। ਡਾ: ਗੁਰਨਾਮ ਸਿੰਘ ਦੀ ਅਗੁਆਈ ਹੇਠ ਕੀਰਤਨ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਨਿਰੰਤਰ ਯਤਨ ਕਰ ਰਹੇ ਜਸਬੀਰ ਸਿੰਘ ਜਵੱਦੀ ਕਲਾਂ ਦਾ ਵੀ ਜ਼ਿਕਰ ਕਰਨਾ ਬਣਦਾ ਹੈ। ਸੰਨ 1991 ਵਿੱਚ ਜਵੱਦੀ ਵਿਖੇ ਸੰਤ ਸੁੱਚਾ ਸਿੰਘ ਵੱਲੋਂ ਕਰਵਾਏ ਪਹਿਲੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਸਮੇਂ ਸਚਖੰਡ ਵਾਸੀ ਬੀਬੀ ਜਸਬੀਰ ਕੌਰ ਦੀ ਪ੍ਰੇਰਨਾ ਸਦਕਾ ਜਸਬੀਰ ਸਿੰਘ ਨੇ ਅਣਥੱਕ ਸੇਵਾਵਾਂ ਨਿਭਾਈਆਂ ਅਤੇ ਓਦੋਂ ਤੋਂ ਲੈ ਕੇ ਹੁਣ ਤੱਕ ਓਹ ਪੂਰੀ ਤਨਦੇਹੀ ਨਾਲ ਇਹ ਸੇਵਾਵਾਂ ਨਿਭਾ ਰਹੇ ਨੇ। ਇਸੇ ਨੂੰ ਵੇਖਦਿਆਂ ਡਾ: ਗੁਰਨਾਮ ਸਿੰਘ ਉਨਾਂ ਨੂੰ ਆਪਣੇ ਕੋਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਲੈ ਗਏ।

ਡਾ. ਗੁਰਨਾਮ ਸਿੰਘ ਪਿਛਲੇ ਤਿੰਨ ਦਹਾਕਿਆਂ ਤੋਂ ਵੱਧ ਸਮਾਂ ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਬਤੌਰ ਪ੍ਰੋ: ਕਾਰਜਸ਼ੀਲ ਰਹੇ ਹਨ। ਉਨ੍ਹਾਂ ਨੇ ਆਪਣਾ ਅਕਾਦਮਿਕ ਸਫ਼ਰ 1983 ਵਿੱਚ ਪੰਜਾਬੀ ਯੂਨੀਵਰਸਿਟੀ ਤੋਂ ਆਰੰਭ ਕੀਤਾ ਤੇ ਫ਼ਿਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੇ ਪੰਜਾਬੀ ਯੂਨੀਵਰਸਿਟੀ ਦੇ ਸੰਗੀਤ ਵਿਭਾਗ ਦੇ ਮੁਖੀ ਤੋਂ ਇਲਾਵਾ ਹਾਫਸਟਰਾ ਯੂਨੀਵਰਸਿਟੀ (ਅਮਰੀਕਾ) ਦੇ ਵਿਜ਼ਟਿੰਗ ਸਕਾਲਰ, ਫੈਕਲਟੀ, ਡੀਨ ਅਲੂਮਨੀ, ਡੀਨ ਰਿਸਰਚ, ਡੀਨ ਅਕਾਦਮਿਕ ਦੇ ਉੱਚ ਅਹੁਦਿਆਂ ਤੋਂ ਇਲਾਵਾ ਅਕਾਦਮਿਕ ਕੌਂਸਲ, ਸੈਨੇਟ ਅਤੇ ਸਿੰਡੀਕੇਟ ਦੇ ਮੈਂਬਰ ਵੀ ਰਹੇ ਹਨ। ਉਹ ਪਿਛਲੇ ਲੰਮੇ ਸਮੇਂ ਤੋਂ ਸ਼੍ਰੋਮਣੀ ਕਮੇਟੀ ਦੀ ਕੀਰਤਨ ਸਬ ਕਮੇਟੀ ਦੇ ਸਰਕਰਦਾ ਮੈਂਬਰ ਵਜੋਂ ਵੀ ਸੇਵਾਵਾਂ ਨਿਭਾਅ ਰਹੇ ਹਨ।

*ਮੈਂਬਰ , ਕੀਰਤਨ ਸਬ ਕਮੇਟੀ, ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਮ੍ਰਿਤਸਰ* 98154-61710

---

Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/- I/ CHD/ Tech./ 80-G/ 2008-939 dated 19-05-2008 valid up to 31/03/2012 and now valid in perpetuity. Cheques/Drafts should be sent in the name of **AMRIT KIRTAN TRUST** payable at Mohali . Donations can also be sent by money order at the address: **AMRIT KIRTAN TRUST** (Regd.), 422, Sector 15-A, Chandigarh-160015. The Donations can be made by Electronic Transfer also. The Bank details are: **AMRIT KIRTAN TRUST** Savings Bank A/C No.65079603302, IFSC: SBIN0018141 in the State Bank of India, Phase 3B2, Mohali Punjab Branch. After such a Deposit, please inform us your Name and Address as also the deposit details to enable us to send you the receipt.



**MAN SINGH, JUSTICE** (1887-1949), known as Bhai Man Singh up to his thirties, was born in 1887 at Ambala, now in Haryana, the youngest of the three sons of Nand Singh who had fought against the British in the second Anglo-Sikh war (1819) and had then worked under them as superintendent of excise Man Singh, who became an orphan at a very young age, attended successively Mission High School and A.S. High School in his native town and later joined the Khalsa College at Amritsar. While at school he had founded an association of Sikh youth, *Khalsa Bhujhangi Dal*, and now in Amritsar he took a leading part in setting up *Khalsa Youngmen Association* and was the editor of its journal from 1905 to 1909. He was still studying for his B.A. final, when he was nominated a member of the *Chief Khalsa Diwan*. After his graduation he joined the Law College at Lahore and, on completing his Bachelor's course, returned to Ambala to start his legal practice. He was elected to the Central Legislative Assembly from the East Punjab Sikh Constituency in 1921. In 1922, Man Singh shifted to Lahore and practised as a lawyer at the Punjab Chief Court. He was vice-president of the *Chief Khalsa Diwan* from 1923 to 1925 and secretary of the reception committee of the *Sikh Educational Conferenc*e session held at Lahore in 1926. He was legal adviser to the *Shiromani Gurdwara Parbandhak Committee* from 1926 to 1929. From 1930 to 1932, he worked as an officiating judge of the High Court in Patiala state. In 1935, he was appointed a judge of the *Sikh Gurdwaras Tribunal* and president of the *Sikh Gurdwaras Judicial Commission*. He worked in capacity up to 1943 when he was appointed a member of the judicial Committee in the princely state of Faridkot. The judicial Committee heard appeals arising from the judgements of the Faridkot High Court. Man Singh retained this position until the formation of Patiala and East Punjab States Union (PEPSU) in 1948. In November 1948, he was appointed an officiating judge of the newly established High Court of PEPSU.

Besides his legal work, Man Singh translated into Punjabi verse two Sanskrit classics *Vikramorvashi* by Kalidasa and *Vairagya Shataka* by Bhartrihari. He also contributed articles regularly to several of the Sikh Magazines and newspapers. Among the tracts he wrote in Punjabi was Science te Astikta which became popular reading. His translation of Khyam's *Rubaiyat* remained unfinished.

Man Singh died at Patiala on 7 January, 1949.

**BIBLIOGRAPHY:** *Khalsa Samachar, 13 January, 1949.*

***Source:*** *The Encyclopedia of Sikhism: The Punjabi University, Patiala.*

# ਗੁਰਮਤਿ ਸੰਗੀਤ ਵਿਚ ਰਾਗ ਮਾਲੀ ਗਉੜਾ ਅਤੇ ਤੁਖਾਰੀ

***ਗੁਰਨਾਮ ਸਿੰਘ (ਡਾ.)**

**ਰਾਗ ਮਾਲੀ ਗਉੜਾ:** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਕੱਤੀ ਮੁੱਖ ਰਾਗਾਂ ਦੀ ਤਰਤੀਬ ਅਧੀਨ ਮਾਲੀ ਗਉੜਾ ਰਾਗ ਨੂੰ ਵੀਹਵੇਂ ਸਥਾਨ 'ਤੇ ਅੰਕਿਤ ਕੀਤਾ ਗਿਆ ਹੈ।ਭਾਰਤੀ ਸੰਗੀਤ ਵਿਚ ਇਸ ਨੂੰ ਮਾਲੀ ਗੌਰਾ ਨਾਮ ਨਾਲ ਜਾਣਿਆ ਜਾਂਦਾ ਹੈ ਪਰੰਤੂ ਗੁਰਮਤਿ ਸੰਗੀਤ ਵਿਚ ਇਸ ਨੂੰ ਮਾਲੀ ਗਉੜਾ ਨਾਮ ਨਾਲ ਹੀ ਅੰਕਿਤ ਕੀਤਾ ਗਿਆ ਹੈ।ਭਾਰਤੀ ਰਾਗ ਪਰੰਪਰਾ ਵਿਚ ਰਾਗ ਮਾਲੀ ਗਉੜਾ ਗਾਇਨ ਵਾਦਨ ਵਿਚ ਵਧੇਰੇ ਪ੍ਰਚਲਿਤ ਨਹੀਂ। ਕੁਝ ਵਿਦਵਾਨਾਂ ਨੇ ਮਾਲੀ ਗਉੜਾ ਰਾਗ ਨੂੰ ਮਾਲਵ ਗੌੜ ਦਾ ਅਪਭ੍ਰੰਸ਼ ਰੂਪ ਮੰਨਿਆ ਹੈ। ਇਸ ਰਾਗ ਨੂੰ ਗਾਇਨ ਵਾਦਨ ਦੇ ਪੱਖ ਤੋਂ ਕਠਿਨ ਰਾਗਾਂ ਦੀ ਸ਼੍ਰੇਣੀ ਵਿਚ ਰਖਿਆ ਗਿਆ ਹੈ।

ਰਾਗ ਮਾਲੀ ਗਉੜਾ ਦੇ ਅੰਤਰਗਤ ਸ੍ਰੀ ਗੁਰੂ ਰਾਮਦਾਸ ਜੀ ਦੇ ਛੇ ਪਦੇ, ਸ੍ਰੀ ਗੁਰੂ ਅਰਜਨ ਦੇਵ ਜੀ ਅੱਠ ਪਦੇ ਅਤੇ ਭਗਤ ਨਾਮਦੇਵ ਦੇ ਤਿੰਨ ਪਦੇ ਬਾਣੀ ਰੂਪ ਵਿਚ ਦਰਜ ਹਨ।

ਸ੍ਰੀ ਦਰਬਾਰ ਸਾਹਿਬ, ਹਰਿਮੰਦਰ ਸਾਹਿਬ ਵਿਖੇ 'ਚਰਨ ਕਮਲ ਦੀ ਤੀਜੀ ਚੌਕੀ' ਉਪਰਾਂਤ ਚੌਥੇ ਪਹਿਰ ਵਿਚ 'ਸੋਦਰੁ ਦੀ ਪਹਿਲੀ ਚੌਕੀ' ਅਤੇ 'ਸੋਦਰੁ ਦੀ ਦੂਸਰੀ ਚੌਕੀ' ਸਮੇਂ ਰਾਗ ਮਾਲੀ ਗਉੜਾ ਦਾ ਗਾਇਨ ਵੀ ਕੀਤਾ ਜਾਂਦਾ ਹੈ।

ਭਾਰਤੀ ਸੰਗੀਤ ਅਤੇ ਗੁਰਮਤਿ ਸੰਗੀਤ ਆਚਾਰੀਆਂ ਨੇ ਮਾਲੀ ਗਉੜਾ ਰਾਗ ਨੂੰ ਮਾਰਵਾ ਥਾਟ ਦੇ ਅੰਤਰਗਤ ਰੱਖਿਆ ਹੈ। ਇਸ ਰਾਗ ਦਾ ਨਿਰਮਾਣ ਪੂਰੀਆ ਅਤੇ ਸ੍ਰੀ ਰਾਗ ਦੇ ਮਿਸ਼ਰਣ ਦੁਆਰਾ ਹੋਇਆ ਮੰਨਿਆ ਗਿਆ ਹੈ। ਇਸ ਵਿਚ ਰਿਸ਼ਭ ਕੋਮਲ, ਮਧਿਅਮ ਤੀਵਰ ਅਤੇ ਦੋਵੇਂ ਧੈਵਤ ਵਰਤੇ ਜਾਂਦੇ ਹਨ। ਇਸ ਦਾ ਵਾਦੀ ਸੁਰ ਰਿਸ਼ਭ ਅਤੇ ਸੰਵਾਦੀ ਪੰਚਮ ਸੁਰ ਨੂੰ ਮੰਨਿਆ ਗਿਆ ਹੈ। ਇਸ ਰਾਗ ਦੀ ਜਾਤੀ ਸੰਪੂਰਨ ਮੰਨੀ ਗਈ ਹੈ। ਇਸ ਰਾਗ ਦਾ ਗਾਇਨ ਸਮਾਂ ਦਿਨ ਦਾ ਚੌਥਾ ਪਹਿਰ ਹੈ। ਇਸ ਦਾ ਆਰੋਹ : ਸ਼ੜਜ ਰਿਸ਼ਭ (ਕੋਮਲ), ਸ਼ੜਜ, ਨਿਸ਼ਾਦ (ਮੰਦਰ ਸਪਤਕ) ਧੈਵਤ (ਮੰਦਰ ਸਪਤਕ) ਨਿਸ਼ਾਦ (ਮੰਦਰ ਸਪਤਕ) ਰਿਸ਼ਭ (ਕੋਮਲ) ਗੰਧਾਰ ਮਧਿਅਮ (ਤੀਵਰ) ਪੰਚਮ, ਮਧਿਅਮ (ਤੀਵਰ) ਧੈਵਤ ਨਿਸ਼ਾਦ ਧੈਵਤ ਸ਼ੜਜ (ਤਾਰ ਸਪਤਕ); ਅਵਰੋਹ : ਸ਼ੜਜ (ਮੰਦਰ ਸਪਤਕ) ਨਿਸ਼ਾਦ ਧੈਵਤ (ਕੋਮਲ) ਪੰਚਮ, ਮਧਿਅਮ (ਤੀਵਰ) ਨਿਸ਼ਾਦ ਧੈਵਤ ਮਧਿਅਮ (ਤੀਵਰ) ਗੰਧਾਰ ਰਿਸ਼ਭ (ਕੋਮਲ), ਸ਼ੜਜ ਹੈ।

**ਰਾਗ ਤੁਖਾਰੀ:** ਰਾਗ ਤੁਖਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਕ੍ਰਮ ਵਿਚ ਬਾਈਵੇਂ ਸਥਾਨ ਤੇ ਪੰਨਾ ੧੧੦੭ 'ਤੇ ਦਰਜ ਹੈ। ਇਹ ਪੰਜਾਬ ਦੀ ਸੰਗੀਤ ਪਰੰਪਰਾ ਦਾ ਵਿਸ਼ੇਸ਼ ਰਾਗ ਹੈ ਜਿਸ ਦਾ ਵਰਨਣ ਮੱਧਕਾਲੀਨ ਧਾਰਮਿਕ ਗ੍ਰੰਥਾਂ ਵਿਚੋਂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੀ ਮਿਲਦਾ ਹੈ। ਤੁਖਾਰੀ ਰਾਗ ਗੁਰਮਤਿ ਸੰਗੀਤ ਪੱਧਤੀ ਦਾ ਮੌਲਿਕ ਰਾਗ ਹੈ। ਇਸ ਰਾਗ ਦਾ ਉਲੇਖ ਭਾਰਤੀ ਸੰਗੀਤ ਦੀ ਸਿਧਾਂਤਕ ਤੇ ਕਿਰਿਆਤਮਕ ਸੰਗੀਤ ਪੰਰਪਰਾ ਵਿਚ ਨਹੀਂ ਮਿਲਦਾ। ਪੁਰਾਤਨ ਲਿਖਤਾਂ ਵਿਚ ਇਹ ਮਿਲਦਾ ਹੈ ਕਿ ਹਿਮਾਲਯ ਪਰਬਤ ਉਤਰ-ਪੱਛਮ ਦਾ ਇਲਾਕਾ ਤੁਸ਼ਾਰ ਜਾ ਤੁਖਾਰ ਕਹਾਉਂਦਾ ਹੈ। ਇਸ ਲਈ ਇਹ ਸੰਭਵ ਹੈ ਕਿ ਇਸ ਇਲਾਕੇ ਵਿਚ ਪ੍ਰਯੁਕਤ ਧੁਨੀ ਤੋਂ ਹੀ ਤੁਖਾਰੀ ਰਾਗ ਦੀ ਉਤਪਤੀ ਹੋਈ ਹੋਵੇ। ਤੁਸ਼ਾਰ ਦੀ ਤੁਖਾਰ ਖਿੱਤੇ ਦੀ ਸੰਗੀਤ ਪਰੰਪਰਾ ਤੋਂ ਰਾਗ ਤੁਖਾਰੀ ਅਧੀਨ ਸ੍ਰੀ ਗੁਰੂ ਨਾਨਕ ਦੇਵ ਜੀ ਬਾਰਾਮਾਹ ਬਾਣੀ ਰਚਨਾ ਵਿਸ਼ੇਸ਼ ਹੈ।

ਇਸ ਤੋਂ ਬਿਨਾਂ ਗੁਰੂ ਨਾਨਕ ਦੇਵ ਜੀ ਦੇ ਛੇ ਛੰਤ ਬਾਰਹਮਾਹਾ ਦੇ ਅੰਤਰਗਤ, ਗੁਰੂ ਰਾਮਦਾਸ ਜੀ ਦੇ ਚਾਰ ਛੰਤ ਅਤੇ ਗੁਰੂ ਅਰਜਨ ਦੇਵ ਜੀ ਦਾ ਇਕ ਛੰਤ ਪਦ ਰਚਨਾਵਾਂ ਬਾਣੀ ਰੂਪ ਵਿਚ ਅੰਕਿਤ ਹਨ।

ਗੁਰਮਤਿ ਸੰਗੀਤ ਪਰੰਪਰਾ ਵਿਚ ਇਸ ਰਾਗ ਦੇ ਇਕ ਤੋਂ ਵਧੀਕ ਕਈ ਸਰੂਪ ਮਿਲਦੇ ਹਨ। ਕੁਝ ਵਿਦਵਾਨਾਂ ਨੇ ਇਸ ਰਾਗ ਦੀ ਉਤਪਤੀ ਟੋਡੀ, ਭੈਰਵ ਅਤੇ ਰਾਮਕਲੀ ਤੋਂ ਮੰਨੀ ਹੈ। ਜਿਸ ਅਧੀਨ ਇਸ ਰਾਗ ਵਿਚ ਵਾਦੀ ਰਿਸ਼ਭ, ਸੰਵਾਦੀ ਪੰਚਮ ਮੰਨਿਆ ਗਿਆ ਹੈ। ਰਿਸ਼ਭ ਕੋਮਲ, ਗੰਧਾਰ ਅਤੇ ਮਧਿਅਮ ਦੋਵੇਂ ਅਤੇ ਬਾਕੀ ਸੁਰ ਸ਼ੁੱਧ ਮੰਨੇ ਹਨ।

ਗੁਰਮਤਿ ਸੰਗੀਤ ਦੇ ਪ੍ਰਮੁਖ ਵਿਦਵਾਨ ਪ੍ਰੋ. ਤਾਰਾ ਸਿੰਘ ਅਨੁਸਾਰ  ਤੁਖਾਰੀ ਰਾਗ ਦੇ ਤਿੰਨ ਸਰੂਪ ਟੋਡੀ ਜਾਂ ਖਮਾਜ ਥਾਟ ਦੇ ਅੰਤਰਗਤ, ਦੱਖਣੀ ਭਾਰਤੀ ਸੰਗੀਤ ਦੇ ਥਾਟ ਧਰਮਵਤੀ ਦੇ ਅੰਤਰਗਤ ਅਤੇ ਪੂਰਵੀ ਥਾਟ ਦੇ ਅਧੀਨ ਮੰਨੇ ਹਨ। ਪਹਿਲੇ ਪ੍ਰਕਾਰ ਅਧੀਨ ਇਸ ਵਿਚ ਦੋਵੇਂ ਮਧਿਅਮ, ਦੋਨੋਂ ਨਿਸ਼ਾਦ, ਗੰਧਾਰ, ਕੋਮਲ ਅਤੇ ਬਾਕੀ ਸ਼ੁੱਧ ਸੁਰ ਵਰਤੇ ਜਾਂਦੇ ਹਨ। ਇਸ ਵਿਚ ਵਾਦੀ-ਸੰਵਾਦੀ, ਪੰਚਮ ਅਤੇ ਸ਼ੜਜ ਨੂੰ ਮੰਨਿਆ ਗਿਆ ਹੈ। ਗਾਇਨ-ਵਾਦਨ ਦਾ ਸਮਾਂ ਦਿਨ ਦਾ ਚੌਥਾ ਪਹਿਰ ਹੈ। ਇਸ ਦੀ ਜਾਤੀ ਔੜਵ-ਸੰਪੂਰਨ ਮੰਨੀ ਗਈ ਹੈ।ਅਜਿਹਾ ਮੰਨਿਆ ਜਾਂਦਾ ਹੈ ਕਿ ਇਸ ਰਾਗ ਦਾ ਦੂਸਰਾ ਸਰੂਪ ਆਧੁਨਿਕ ਸਮੇਂ ਵਿਚ ਪ੍ਰਚਲਿਤ ਨਹੀਂ ਹੈ।

ਤੁਖਾਰੀ ਰਾਗ ਦਾ ਤੀਸਰਾ ਸਰੂਪ ਪੂਰਵੀ ਥਾਟ ਦੇ ਅੰਤਰਗਤ ਮੰਨਿਆ ਹੈ ਜਿਸ ਵਿਚ ਰਿਸ਼ਭ, ਧੈਵਤ ਕੋਮਲ, ਮਧਿਅਮ ਤੀਵਰ ਅਤੇ ਬਾਕੀ ਸ਼ੁੱਧ ਸੁਰ ਵਰਤੇ ਜਾਂਦੇ ਹਨ। ਇਸ ਦਾ ਵਾਦੀ ਧੈਵਤ ਅਤੇ ਸੰਵਾਦੀ ਰਿਸ਼ਭ ਮੰਨਿਆ ਗਿਆ ਹੈ। ਇਸ ਦਾ ਗਾਇਨ ਸਮਾਂ ਸਵੇਰ ਦਾ ਸੰਧੀ ਪ੍ਰਕਾਸ਼ ਮੰਨਿਆ ਗਿਆ ਹੈ।

ਭਾਈ ਕਾਨ੍ਹ ਸਿੰਘ ਨਾਭਾ ਰਾਗ ਤੁਖਾਰੀ ਦੇ ਸਬੰਧ ਵਿਚ ਲਿਖਦੇ ਹਨ, ਸੰਪੂਰਨ ਜਾਤੀ ਦੀ ਰਾਗਣੀ ਜਿਸ ਦਾ ਗ੍ਰਹਿ ਸੁਰ ਸ਼ੜਜ, ਵਾਦੀ ਰਿਸ਼ਭ, ਸੰਵਾਦੀ ਪੰਚਮ, ਗਾਉਣ ਸਮਾਂ ਚਾਰ ਘੜੀ ਦਿਨ ਚੜ੍ਹੇ ਹੈ। ਇਸ ਵਿਚ ਦੋਵੇਂ ਗੰਧਾਰ ਅਤੇ ਦੋਵੇਂ ਮਧਿਅਮ ਵਰਤੇ ਜਾਂਦੇ ਹਨ। ਇਸ ਤੋਂ ਇਲਾਵਾ ਇਸ ਦਾ ਵਾਦੀ ਸੁਰ ਮਧਿਅਮ, ਸੰਵਾਦੀ ਸ਼ੜਜ ਹੈ।

ਰਾਗ ਨਿਰਣਾਇਕ ਕਮੇਟੀ ਅਤੇ ਸਿੱਖ ਮਿਊਜ਼ੀਕਾਲੋਜੀ ਵਿਚ ਤੁਖਾਰੀ ਰਾਗ ਦੇ ਇਸੇ ਸਰਬਪ੍ਰਮਾਣਿਤ ਇਸੇ ਸਰੂਪ ਨੂੰ ਸਵੀਕਾਰਿਆ ਹੈ। ਇਸ ਵਿਚ ਗੰਧਾਰ ਕੋਮਲ, ਦੋਵੇਂ ਨਿਸ਼ਾਦ, ਤੀਬਰ ਮਧਿਅਮ ਅਤੇ ਬਾਕੀ ਸ਼ੁੱਧ ਸੁਰ ਵਰਤੇ ਜਾਂਦੇ ਹਨ। ਇਸ ਦਾ ਵਾਦੀ-ਸੰਵਾਦੀ ਪੰਚਮ-ਸ਼ੜਜ਼ ਮੰਨਿਆ ਗਿਆ ਹੈ। ਇਸ ਦੇ ਆਰੋਹ ਵਿਚ ਰਿਸ਼ਭ ਧੈਵਤ ਵਰਜਿਤ ਹੋਣ ਕਰਕੇ ਜਾਤੀ ਔੜਵ-ਸੰਪੂਰਨ ਬਣਦੀ ਹੈ। ਗਾਇਨ ਸਮਾਂ ਦਿਨ ਦਾ ਚੌਥਾ ਪਹਿਰ ਮੰਨਿਆ ਗਿਆ ਹੈ। ਇਸ ਰਾਗ ਦਾ ਸਮਪ੍ਰਕ੍ਰਿਤਕ ਰਾਗ ਮਧੂਵੰਤੀ ਹੈ। ਜਿਸ ਵਿਚ ਕੋਮਲ ਨਿਸ਼ਾਦ ਦੀ ਵਰਤੋਂ ਨਹੀਂ ਕੀਤੀ ਜਾਂਦੀ। ਇਸ ਦਾ ਆਰੋਹ  ਨਿਸ਼ਾਦ (ਮੰਦਰ ਸਪਤਕ) ਸ਼ੜਜ,  ਗੰਧਾਰ (ਕੋਮਲ) ਮਧਿਅਮ (ਤੀਵਰ) ਪੰਚਮ, ਨਿਸ਼ਾਦ  ਸ਼ੜਜ (ਤਾਰ ਸਪਤਕ) ਅਤੇ ਅਵਰੋਹ ਸ਼ੜਜ (ਤਾਰ ਸਪਤਕ) ਨਿਸ਼ਾਦ (ਕੋਮਲ) ਧੈਵਤ ਪੰਚਮ, ਨਿਸ਼ਾਦ (ਕੋਮਲ) ਧੈਵਤ ਪੰਚਮ, ਮਧਿਅਮ ਤੀਵਰ  ਗੰਧਾਰ (ਕੋਮਲ), ਰਿਸ਼ਭ ਸ਼ੜਜ ਹੈ।

ਵੀਹਵੀਂ ਸਦੀ ਦੀਆਂ ਸਬਦ ਕੀਰਤਨ ਰਚਨਾਵਾਂ ਦੇ ਸੰਦਰਭ ਵਿਚ ਵਾਚੀਏ ਤਾਂ ਇਹਨਾਂ ਰਾਗਾਂ ਵਿਚ ਸ. ਗਿਆਨ ਸਿੰਘ ਐਬਟਾਬਾਦ, ਭਾਈ ਅਵਤਾਰ ਸਿੰਘ ਗੁਰਚਰਨ ਸਿੰਘ, ਪ੍ਰੋ. ਤਾਰਾ ਸਿੰਘ, ਸੰਤ ਸਰਵਣ ਸਿੰਘ ਗੰਧਰਵ, ਪ੍ਰਿੰਸੀਪਲ ਦਿਆਲ ਸਿੰਘ, ਪ੍ਰੋ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ (ਲੇਖਕ), ਉਸਤਾਦ ਸੁਰਜੀਤ ਸਿੰਘ, ਜਸਵੰਤ ਸਿੰਘ ਤੀਬਰ, ਪ੍ਰੋ. ਪਰਮਜੋਤ ਸਿੰਘ, ਸ. ਹਰਮਿੰਦਰ ਸਿੰਘ ਆਦਿ ਨੇ ਸੰਗੀਤਕਾਰਾਂ ਨੇ ਕੀਰਤਨ ਰਚਨਾਵਾਂ ਨੂੰ ਸੁਰਲਿਪੀ-ਬੱਧ ਕੀਤਾ।

ਉਕਤ ਰਾਗਾਂ ਨੂੰ ਗੁਰਮਤਿ ਸੰਗੀਤ ਪਰੰਪਰਾ ਦੇ ਸੰਗੀਤਕਾਰ ਤੇ ਕੀਰਤਨਕਾਰਾਂ ਨੇ ਆਪਣੇ-ਆਪਣੇ ਅੰਦਾਜ ਵਿੱਚ ਬਾਖੂਬੀ ਗਾਇਆ ਹੈ, ਜਿਹਨਾਂ ਦੀ ਰਿਕਾਰਡਿੰਗ ਅਸੀਂ www.gurmatsangeetpup.com,www.sikh-relics.com, www.vismaadnaad.org ਅਤੇ www.jawadditaksal.org ਵੈਬ ਸਾਈਟਸ 'ਤੇ ਸੁਣ ਸਕਦੇ ਹਾਂ।

*ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਗੁਰੂ ਗੋਬਿੰਦ ਸਿੰਘ ਜੀ ਦਾ ਚਿੱਤਰ: ਇਕ ਵਿਲੱਖਣ ਅੰਦਾਜ਼ –
## (ਟਾਈਟਲ ਚਿੱਤਰ ਬਾਰੇ)

**ਜਗਤਾਰਜੀਤ ਸਿੰਘ**

ਗੁਰੂ ਗੋਬਿੰਦ ਸਿੰਘ ਜੀ ਨੇ ਨਾਨਕ ਪੰਥ/ ਸਿੱਖ ਪੰਥ ਨੂੰ 'ਅੰਮ੍ਰਿਤਪਾਨ' ਕਰਵਾ ਕੇ 'ਖਾਲਸਾ ਪੰਥ' ਵਿਚ ਤਬਦੀਲ ਕਰ ਦਿਤਾ, ਹੁਣ 'ਗੁਰੂ ਦੇ ਸਿੱਖ' ਨੂੰ 'ਗੁਰੂ ਦਾ ਸਿੰਘ' ਕਿਹਾ ਜਾਣ ਲਗਾ।

ਅਧਿਆਤਮਕ ਬਲ ਨਾਲ ਲੈਸ 'ਨਾਨਕ ਨਾਮ ਲੇਵਾ ਸਮੂਹ' ਹੁਣ ਸ਼ਸਤਰਾਂ ਨਾਲ ਲੈਸ ਹੋ ਕੇ 'ਨਿਜ ਅਤੇ ਪਰ' ਦੀ ਰੱਖਿਆ ਹਿਤ ਜਾਗ੍ਰਿਤ ਹੋ ਗਿਆ।

ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਹਰਿਗੋਬਿੰਦ ਜੀ ਦੀ 'ਮੀਰੀ ਅਤੇ ਪੀਰੀ' ਦੀ ਰੀਤ ਨੂੰ ਸੁਦ੍ਰਿੜ ਕਰ ਅਗ੍ਹਾਂ ਤੋਰਿਆ।

ਦਸਵੇਂ ਗੁਰੂ ਦੀ ਅਦੁੱਤੀ ਸ਼ਖ਼ਸੀਅਤ ਬਾਰੇ ਸਮਕਾਲੀ ਕਵੀਆਂ, ਇਤਿਹਾਸਕਾਰਾਂ ਨੇ ਲਿਖਿਆ ਹੈ। ਗੁਰੂ ਸਾਹਿਬ ਨੇ ਖ਼ੁਦ ਵੀ, ਆਪਣੇ ਬਾਰੇ ਲਿਖਿਆ ਹੈ। ਇਹ ਤੱਥ ਦਸਦੇ ਹਨ ਕਿ ਸਾਡੇ ਕੋਲ ਪ੍ਰਮਾਣਿਕ ਲਿਖਤਾਂ ਤਾਂ ਮੌਜੂਦ ਹਨ, ਪਰ ਗੁਰੂ ਜੀ ਦੀ ਕੋਈ ਪ੍ਰਮਾਣਿਕ ਤਸਵੀਰ ਸਾਡੇ ਤਕ ਨਹੀਂ ਪੁੱਜੀ। ਜੋ ਆਸ-ਪਾਸ ਦਿਖਾਈ ਦੇਂਦੀਆਂ ਹਨ, ਉਹ ਚਿਰ ਬਾਅਦ ਦੀਆਂ ਹਨ ਅਤੇ ਪਹਾੜੀ ਜਾਂ ਮੁਗ਼ਲ ਸ਼ੈਲੀ ਵਿਚ ਬਣੀਆਂ ਹੋਈਆਂ ਹਨ।

ਲਘੂ ਚਿੱਤਰਾਂ ਬਾਅਦ, ਪੱਛਮੀ ਤਰਜ਼ ਉੱਪਰ ਬਣੀਆਂ, ਗੁਰੂ ਗੋਬਿੰਦ ਸਿੰਘ ਦੀਆਂ ਅਨੇਕਾਂ ਚਿੱਤਰਕਾਰਾਂ ਵਲੋਂ ਕਈ ਤਸਵੀਰਾਂ ਤਿਆਰ ਕੀਤੀਆਂ ਗਈਆਂ। ਕਈ ਰਚਨਾਵਾਂ ਜਲਦੀ ਭੁਲਾਅ ਦਿਤੀਆਂ ਗਈਆਂ। ਕੁਝ ਕੁ ਨੂੰ ਹੀ ਲੋਕ ਪਰਵਾਨਗੀ ਮਿਲੀ।

ਅਨੇਕਾਂ ਚਿੱਤਰਕਾਰਾਂ ਵਿਚੋਂ ਸੋਭਾ ਸਿੰਘ ਦਾ ਵੱਖਰਾ ਮੁਕਾਮ ਹੈ ਜਿਸ ਸਿੱਖ ਗੁਰੂਆਂ ਨੂੰ ਚਿੱਤਰਿਤ ਕੀਤਾ ਹੈ। ਇਸ ਪੇਂਟਰ ਨੇ ਗੁਰੂ ਗੋਬਿੰਦ ਸਿੰਘ ਨੂੰ ਕਈ ਸੰਦਰਭਾਂ ਵਿਚ ਟਿਕਾਅ ਪੇਂਟਿੰਗਾਂ ਤਿਆਰ ਕੀਤੀਆਂ ਹਨ। ਦੋ ਪੋਰਟਰੇਟ ਜ਼ਿਕਰਯੋਗ ਹਨ। ਦੋਹਾਂ ਥੱਲੇ ਗੁਰੂ ਜੀ ਰਚਿਤ ਬਾਣੀ ਦੀਆਂ ਤੁਕਾਂ ਦਰਜ ਹਨ:

1. ਦੇਹ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ।
   ਨਾ ਡਰੋਂ ਅਰਿ ਸੋ ਜਬ ਜਾਇ ਲਰੋਂ, ਨਿਸਚੈ ਕਰ ਅਪਨੀ ਜੀਤ ਕਰੋਂ।
2. ਚੂੰ ਕਾਰ ਅਜ ਹਮਾ ਹੀਲਤੇ ਦਰ ਗੁਜ਼ਸ਼ਤ
   ਹਲਾਲ ਅਸਤ ਬੁਰਦਨ ਬ ਸਮਸ਼ੀਰ ਦਸਤ।

ਪਹਿਲਾ ਚਿੱਤਰ ਆਇਤਾਕਾਰ ਦਾਇਰੇ ਵਿਚ ਹੈ ਜਦ ਕਿ ਦੂਜਾ ਅੰਡਾਕਾਰ ਦਾਇਰੇ ਵਿਚ ਹੈ। ਗੁਰੂ ਜੀ ਦੇ ਬਿਰਤਾਂਤ ਨੂੰ ਜਦ ਵੀ ਸੁਣਾਇਆ, ਗਾਇਆ ਜਾਂ ਲਿਖਿਆ ਜਾਂਦਾ ਹੈ 'ਚੂੰ ਕਾਰ ਅਜ ਹਮਾ ਹੀਲਤੇ ਦਰ ਗੁਜ਼ਸ਼ਤ। ਹਲਾਲ ਅਸਤ ਬੁਰਦਨ ਬ ਸਮਸ਼ੀਰ ਦਸਤ।" ਪੰਗਤੀਆਂ ਆਪਣੇ-ਆਪ ਖ਼ੁਦ ਨੂੰ ਪ੍ਰਸੰਗਤ ਕਰ ਲੈਂਦੀਆਂ ਹਨ। ਸੋਭਾ ਸਿੰਘ ਇਨ੍ਹਾਂ ਤੁੱਕਾਂ ਤੋਂ ਪ੍ਰਭਾਵਿਤ ਹੋ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਨੂੰ ਕੈਨਵਸ ਉੱਪਰ ਪੇਂਟ ਕਰਦਾ ਹੈ। ਇਹ ਚਿੱਤਰ ਕਲਾ-ਜਗਤ ਦੇ ਨਾਲ-ਨਾਲ ਪੇਂਟਰ ਦੀਆਂ ਆਪਣੀਆਂ ਰਚਨਾਵਾਂ ਵਿਚ ਵੱਖਰਾ ਥਾਂ ਰੱਖਦਾ ਹੈ।

ਏਥੇ ਪੇਂਟਰ ਸ਼ਬਦ ਰਚਨਾ ਦੇ ਨਾਲ ਗੁਰੂ ਗੋਬਿੰਦ ਸਿੰਘ ਜੀ ਦੀ ਤਸ਼ਬੀਹ ਤਿਆਰ ਕਰ ਕੇ ਦਰਸ਼ਕ ਨੂੰ ਸੰਕਲਪ ਦੇ ਨਾਲ ਮੂਰਤ ਨਾਲ ਜੋੜਨ ਦਾ ਉਪਰਾਲਾ ਕਰਦਾ ਹੈ।

ਪੋਰਟਰੇਟ ਆਮ ਤੌਰ 'ਤੇ ਸਾਹਮਣੇ ਬੈਠੇ ਵਿਅਕਤੀ ਦਾ ਬਣਾਇਆ ਜਾਂਦਾ ਹੈ ਪਰ ਇਹ ਚਿੱਤਰ ਇਸ ਰੀਤ ਦਾ ਅਪਵਾਦ ਹੈ। ਇਹ ਛੱਬ 1971 ਦੀ ਬਣੀ ਹੈ ਜਿਸ ਨੂੰ ਐਨ ਸਾਹਮਣਿਓਂ ਨਹੀਂ ਬਣਾਇਆ ਗਿਆ, ਚਿਹਰਾ ਸਾਹਮਣਿਓਂ

ਦਿਖਣ ਦਾ ਪ੍ਰਭਾਵ ਦੇਂਦਾ ਹੋਇਆ ਵੀ ਖੱਬਿਓਂ ਸਜੇ ਵਲ ਨੂੰ ਘੁੰਮਿਆ ਹੋਇਆ ਹੈ। 'ਘੁੰਮਿਆ ਚਿਹਰਾ, ਅਸਲ ਵਿਚ, ਚਿਹਰੇ ਦੇ ਨਿੱਕੇ-ਵੱਡੇ ਵੇਰਵਿਆਂ ਨੂੰ, ਉਤਾਰ-ਚੜਾਅ ਨੂੰ ਬਰੀਕੀ ਨਾਲ ਦਸ ਦੇਂਦਾ ਹੈ। ਧੜ ਵੀ ਚਿਹਰੇ ਦੇ ਨਾਲ ਇਸ ਦਿਸ਼ਾ ਵੱਲ ਘੁੰਮਿਆ ਹੋਇਆ ਹੈ।

ਪੋਰਟਰੇਟ ਆਮ ਕਰਕੇ ਸਮੇਂ-ਸਥਾਨ ਬਾਰੇ ਦੱਸਦਾ ਨਹੀਂ ਕਿਉਂਕਿ ਇਥੇ ਪ੍ਰਮੁੱਖਤਾ ਚਿਹਰੇ ਨੂੰ ਪ੍ਰਾਪਤ ਹੁੰਦੀ ਹੈ। ਇਸ ਦੇ ਬਾਵਜੂਦ ਕੁਝ ਅਜਿਹੇ ਤੱਤ ਆ ਰਲਦੇ ਹਨ ਜਿਹੜੇ ਸਮੇਂ-ਸਥਾਨ ਦੀ ਸੂਹ ਦੇ ਦੇਂਦੇ ਹਨ।

ਗੁਰੂ ਜੀ ਕਹਿੰਦੇ ਹਨ ਕਿ ਜਦ ਜ਼ੁਲਮ ਦੀ ਹੱਦ ਹੋ ਜਾਵੇ, ਗੱਲ ਜਾਂ ਦਲੀਲ ਦੀ ਕੋਸ਼ਿਸ਼ ਨਾਕਾਮ ਹੋ ਜਾਵੇ ਤਾਂ ਸ਼ਸਤਰ ਹੱਥ ਵਿਚ ਫੜਨਾ ਜਾਇਜ਼ ਹੈ। ਚਿੱਤਰ ਨੂੰ ਆਕਰਸ਼ਕ ਬਣਾਉਣ ਲਈ ਚਿਤੇਰਾ ਕੁਝ ਤੱਤ ਆਪਣੇ ਵੱਲੋਂ ਜੋੜਦਾ-ਘਟਾਉਂਦਾ ਹੈ। ਇਥੇ ਚਿਹਰਾ ਸੁੰਦਰ ਦਿੱਖ ਵਾਲਾ ਹੈ। ਨੈਣ-ਨਕਸ਼ ਖਿੱਚ ਵਾਲੇ ਹਨ ਐਪਰ ਇਹ ਨਾਟਕੀ ਅਸਰ ਤੋਂ ਮੁਕਤ ਨਹੀਂ। ਅੱਖਾਂ ਨੂੰ ਲੋੜ ਤੋਂ ਵੱਧ ਤਰਜੀਹ ਮਿਲੀ ਹੈ ਕਿਉਂਕਿ ਇਹਨਾਂ ਰਾਹੀਂ ਹੀ ਸਾਰੀ ਸਥਿਤੀ ਸੰਚਾਰਿਤ ਹੁੰਦੀ ਹੈ। ਇਹਨਾਂ ਦੇ ਵੱਡੇ ਹੋਣ ਦਾ ਦੂਜਾ ਕਾਰਣ ਪੇਂਟਰ ਵਲੋਂ ਆਪਣੇ ਗੁਰੂ ਨੂੰ ਉਚੇਰਾ ਰੱਖਣ ਬਾਅਦ ਖ਼ੁਦ ਨੂੰ ਨੀਂਵਾਂ ਰੱਖ ਉੱਪਰ ਵੱਲ ਨੂੰ ਦੇਖਣਾ ਹੈ। ਆਮ ਤੌਰ 'ਤੇ ਜਿਸ ਵਿਅਕਤੀ ਦਾ ਚਿੱਤਰ ਬਣਾਇਆ ਜਾਂਦਾ ਹੈ ਅਤੇ ਉਸ ਨੂੰ ਤਿਆਰ ਕਰਨ ਵਾਲੇ ਦੀ ਦ੍ਰਿਸ਼ਟੀ ਬਰਾਬਰ ਉਚਾਈ ਦੀ ਹੁੰਦੀ ਹੈ। ਇਥੇ ਉਸ ਦਾ ਉਲੰਘਣ ਹੋਇਆ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਸੀਸ ਦੁਆਲੇ ਕੇਸਰੀ-ਪੀਲੇ ਰੰਗ ਦੇ ਦਰਮਿਆਨ ਦਾ ਦੁਮਾਲਾ ਹੈ। ਇਸ ਦੇ ਥੱਲੇ ਨੀਲੇ ਰੰਗ ਦੀ ਕੇਸਕੀ ਹੈ। ਦੁਮਾਲੇ ਦੇ ਪਿਛਲੇ ਪਾਸੇ ਫਰਲਾ ਹੈ। ਮੱਥੇ ਉੱਪਰ ਮੋਤੀਆਂ ਜੜ੍ਹਤ ਕਲਗੀ ਹੈ। ਦੁਮਾਲੇ ਦੁਆਲੇ ਲੋਹ ਚੱਕਰ ਸੋਭ ਰਹੇ ਹਨ। ਇਹ ਤਲਵਾਰ ਦੇ ਵਾਰ ਨੂੰ ਰੋਕਣ, ਵੇਲਾ ਪੈਣ 'ਤੇ ਅਸਤਰ ਵਜੋਂ ਇਸਤੇਮਾਲ ਕੀਤਾ ਜਾਂਦਾ ਹੈ।

ਗੁਰੂ ਜੀ ਦੀ ਦਸਤਾਰ ਕੱਸਵੀਂ ਅਤੇ ਘੋਟਵੀਂ ਹੈ। ਤੱਤਕਾਲੀ ਸਰੋਤਾਂ ਤੋਂ ਗਿਆਤ ਹੁੰਦਾ ਹੈ ਕਿ ਦਸਤਾਰ ਸਜਾਉਣ ਦਾ ਤਰੀਕਾ ਹੁਣ ਨਾਲੋਂ ਭਿੰਨ ਸੀ। ਚਿਹਰੇ ਦੀ ਫੱਬਤ ਅਤੇ ਪ੍ਰਭਾਵ ਦਾਹੜੀ-ਮੁੱਛਾਂ ਸਦਕੇ ਹੈ ਜੋ ਘੁੰਗਰਾਲੀਆਂ ਹਨ।

ਗੁਰੂ ਜੀ ਨੇ ਉੱਚੇ ਗ਼ਲਮੇਂ ਵਾਲਾ ਨੀਲਾ ਚੋਲਾ ਪਹਿਨਿਆ ਹੋਇਆ ਹੈ। ਉੱਚਾ ਗਲਮਾ ਸੋਨ-ਰੰਗੀ ਕਢਾਈ ਨਾਲ ਸ਼ਿੰਗਾਰਿਆ ਹੋਇਆ ਹੈ। ਪ੍ਰਮੁੱਖਤਾ ਕਿਉਂਕਿ ਮੁੱਖ-ਮੰਡਲ ਨੂੰ ਦਿਤੀ ਹੈ ਇਸ ਕਾਰਣ ਸੀਨਾ ਵੀ ਚਿੱਤਰ ਦਾ ਪੂਰਾ ਹਿੱਸਾ ਨਹੀਂ ਬਣਿਆ। ਇਸ ਸਦਕਾ ਕਈ ਵਸਤਾਂ ਜਿਵੇਂ ਗਲ ਪਾਈਆਂ ਹੋਈਆਂ ਮਾਲਾਵਾਂ, ਮੋਢੇ ਰੱਖਿਆ ਕਮਾਨ ਸੰਪੂਰਨ ਰੂਪ ਵਿਚ ਦਿਖਾਈ ਨਹੀਂ ਦੇ ਰਿਹਾ।

ਜ਼ਫ਼ਰਨਾਮੇ ਦੇ ਜਿਸ ਵਿਚਾਰ ਨੂੰ ਆਧਾਰ ਬਣਾ ਕੇ ਚਿੱਤਰ ਰਚਿਆ ਹੈ, ਉਸ ਦੀ ਤਰਜਮਾਨੀ ਅੱਖਾਂ ਰਾਹੀਂ ਕੀਤੇ ਜਾਣ ਦੀ ਕੋਸ਼ਿਸ਼ ਹੋਈ ਹੈ। ਗੁਰੂ ਜੀ ਦੇ ਦੇਖਣ ਦਾ ਅੰਦਾਜ਼ ਸਾਧਾਰਣ ਦਿੱਖ ਤੋਂ ਭਿੰਨ ਹੈ। ਚਿਹਰਾ ਸ਼ਾਂਤ ਹੈ, ਮੱਥੇ 'ਤੇ ਕੋਈ ਤਿਉੜੀ ਨਹੀਂ, ਕਿਸੇ ਤਰ੍ਹਾਂ ਦੀ ਉਦਾਸੀ ਦੀ ਕੋਈ ਝਲਕ ਨਹੀਂ। ਚਿਹਰਾ ਗੁੱਸੇ ਨਾਲ ਲਾਲ ਤਪਿਆ ਹੋਇਆ ਵੀ ਨਹੀਂ। ਗੱਲ੍ਹਾਂ ਦੀ ਲਾਲਿਮਾ ਕੁਦਰਤੀ ਹੈ। ਤਪੀ-ਯੋਧੇ ਦਾ ਚਿਹਰਾ ਅੰਦਰਲੀ ਇਕਾਗਰਤਾ ਨਾਲ ਲਾਲਿਮਾ ਨਾਲ ਜਗਮਗ ਕਰਨ ਦੇ ਸਮਰੱਥ ਹੁੰਦਾ ਹੈ। ਅੰਦਰ ਕੁਛ ਬਣ-ਮਿਟ ਰਿਹਾ ਹੈ, ਬਾਹਰੀ ਤੌਰ ਤੇ ਸਭ ਸ਼ਾਂਤ ਹੈ।

ਮਨੋਬਣਤਰ ਦੇ ਅਨੁਕੂਲ ਬਣੀ ਰਚਨਾ ਬਾਣੀ ਰਚਨਾ ਦੇ ਅਨੁਕੂਲ ਸ਼ਸਤਾਰਧਾਰੀ ਹੋਣਾ ਇਸ ਸੂਰਮੇ ਦਾ ਮੂਲ ਲੱਛਣ ਹੈ। ਇਕ ਨੂੰ ਦੂਜੇ ਤੋਂ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ। ਗੁਰੂ ਜੀ ਪਾਸ ਸ਼ਸਤਰਾਂ ਦੀ ਮੌਜੂਦਗੀ, ਉਹਨਾਂ ਦੇ ਵਿਚਾਰਾਂ ਦਾ ਵਿਸਥਾਰ ਹੈ। ਇਹ ਕਿਸੇ ਨੂੰ ਡਰਾਉਣ ਵਾਸਤੇ ਨਹੀਂ ਬਲਕਿ ਸਿੱਖੀ ਸਿਧਾਂਤਾਂ ਦੀ ਰੱਖਿਆ ਵਾਸਤੇ ਹਨ।

ਗੁਰੂ ਜੀ ਦੇ ਵਸਤਰ ਅਤੇ ਪਿਛੋਕੜ ਵਿਚਾਲੇ ਭੇਦ ਹੈ ਪਰ ਵਿਰੋਧੀ ਸੁਭਾਅ ਵਾਲੇ ਰੰਗ ਨਹੀਂ ਵਰਤੇ ਗਏ। ਚਿੱਤਰ ਦਾ ਪਿਛੋਕੜ ਉਜਲਾ ਨਹੀਂ। ਚਿਤੇਰਾ ਰੰਗਾਂ ਦੀ ਮਦਦ ਨਾਲ ਦੱਬਵਾਂ ਮਾਹੌਲ ਰਚਦਾ ਜਿਸ ਵਿਚੋਂ ਗੁਰੂ ਜੀ ਦਾ ਰੂਪ ਉਭਾਰ ਲੈਂਦਾ ਹੈ। ਅਜਿਹੇ ਗਹਿਰੇ ਵਾਤਾਵਰਨ ਵਾਲੀਆਂ ਰਚਨਾਵਾਂ ਬਹੁਤ ਘੱਟ ਹਨ। ਖ਼ੁਦ ਸੋਭਾ ਸਿੰਘ ਨੇ ਇਸ ਵਿਧੀ ਨੂੰ ਮੁੜ ਨਹੀਂ ਵਰਤਿਆ।

---

ਮੁਬਾ: 9899091886

# ਪੰਜਾਬ ਘਰਾਣੇ ਦੇ ਤਬਲਾ ਵਾਦਨ ਦੀ ਪਰੰਪਰਾ

**ਬਲਵਿੰਦਰ ਸਿੰਘ ਸਪੁੱਤਰ ਬੁੱਧ ਸਿੰਘ, ਪੀ-ਐੱਚ.ਡੀ.**

ਪੰਜਾਬ ਪ੍ਰਾਂਤ ਆਪਣੀ ਪੁਰਾਤਨ ਸਭਿਅਤਾ, ਕਲਾਵਾਂ, ਰਹਿਣ-ਸਹਿਣ ਆਦਿ ਲਈ ਪੂਰੇ ਭਾਰਤ ਵਿੱਚ ਆਪਣੀ ਵੱਖਰੀ ਪਛਾਣ ਰੱਖਦਾ ਹੈ। ਪੰਜਾਬ ਦੀ ਧਰਤੀ ਮੈਦਾਨੀ, ਵਧੇਰੇ ਉਪਜਾਊ ਅਤੇ ਪੰਜ ਦਰਿਆਵਾਂ ਵਜੋਂ ਪੂਰੀ ਦੁਨੀਆਂ ਵਿੱਚ ਪ੍ਰਸਿੱਧ ਹੈ। ਇਹ ਪ੍ਰਾਂਤ ਆਪਣੀਆਂ ਇਤਿਹਾਸਿਕ, ਭੂਗੋਲਿਕ ਅਤੇ ਸੱਭਿਆਚਾਰਕ ਵਿਸ਼ੇਸ਼ਤਾਵਾਂ ਕਰ ਕੇ ਵਿਸ਼ਵ ਭਰ ਵਿੱਚ ਆਪਣਾ ਅਲੱਗ ਸਥਾਨ ਰੱਖਦਾ ਹੈ। ਅਮੀਰ ਵਿਰਾਸਤ, ਸੰਸਕ੍ਰਿਤੀ ਅਤੇ ਅੰਨ ਦੇ ਭੰਡਾਰ ਕਾਰਨ ਪੰਜਾਬ ਨੂੰ ਭਾਰਤ ਦੇ ਦੂਸਰੇ ਪ੍ਰਾਂਤਾਂ ਨਾਲੋਂ ਵਿਦੇਸ਼ੀ ਹਮਲਾਵਰਾਂ ਦਾ ਸਾਹਮਣਾ ਵੀ ਵਧੇਰੇ ਕਰਨਾ ਪਿਆ ਜਿਸ ਕਰ ਕੇ ਇੱਥੇ ਵਸਦੇ ਲੋਕਾਂ ਦੇ ਸੁਭਾਅ ਅੰਦਰ ਨਿਡਰਤਾ, ਬਹਾਦਰੀ, ਜੁਝਾਰੂਪਣ ਅਤੇ ਮਿਹਨਤ ਆਦਿ ਗੁਣ ਸਹਿਜੇ ਹੀ ਦਿਖਾਈ ਦਿੰਦੇ ਹਨ।

ਸ਼ੁਰੂ ਤੋਂ ਹੀ ਭਾਰਤ ਦੀ ਸੰਸਕ੍ਰਿਤੀ ਅਤੇ ਕਲਾਵਾਂ ਦੇ ਖੇਤਰ ਵਿੱਚ ਪੰਜਾਬ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਪੰਜਾਬ ਦੀ ਸੰਗੀਤ ਪਰੰਪਰਾ ਬਹੁਤ ਹੀ ਪੁਰਾਤਨ ਅਤੇ ਵਿਸ਼ਾਲ ਹੈ। ਇਸੇ ਧਰਤੀ 'ਤੇ ਹੀ 'ਵੇਦ' ਅਤੇ 'ਨਾਟਯ ਸ਼ਾਸਤਰ' ਵਰਗੇ ਗ੍ਰੰਥਾਂ ਦੀ ਰਚਨਾ ਹੋਈ ਮੰਨੀ ਜਾਂਦੀ ਹੈ। ਸੰਗੀਤ ਕਲਾ ਦੇ ਖੇਤਰ ਵਿੱਚ ਪੰਜਾਬ ਦੁਆਰਾ ਦਿੱਤੇ ਯੋਗਦਾਨ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਪੰਜਾਬ ਦੀ ਸੰਗੀਤ ਪਰੰਪਰਾ ਨੂੰ ਅਸੀਂ ਪੰਜ ਹਿੱਸਿਆਂ ਵਿੱਚ ਵੰਡ ਸਕਦੇ ਹਾਂ: ਸ਼ਾਸਤਰੀ ਸੰਗੀਤ, ਲੋਕ ਸੰਗੀਤ, ਸੂਫ਼ੀ ਸੰਗੀਤ, ਗੁਰਮਤਿ ਸੰਗੀਤ ਅਤੇ ਉਪ-ਸ਼ਾਸਤਰੀ ਸੰਗੀਤ। ਪੰਜਾਬ ਵਿੱਚ ਜਿੱਥੇ ਵੱਖ-ਵੱਖ ਗਾਇਨ ਸ਼ੈਲੀਆਂ ਦਾ ਪ੍ਰਚਲਨ ਅਤੇ ਵਿਕਾਸ ਹੋਇਆ, ਉੱਥੇ ਹੀ ਵਾਦਨ ਸੰਗੀਤ ਪਰੰਪਰਾ ਦੇ ਅੰਤਰਗਤ ਵੱਖ-ਵੱਖ ਸਾਜ਼ਾਂ ਦੇ ਸੰਗੀਤ ਦੀ ਪਰੰਪਰਾ ਵੀ ਨਿਰੰਤਰ ਨਾਲ-ਨਾਲ ਚਲਦੀ ਰਹੀ ਹੈ। ਪੰਜਾਬ ਦੀ ਵਾਦਨ ਪਰੰਪਰਾ ਦਾ ਅਧਿਐਨ ਅਸੀਂ ਤਿੰਨ ਪਹਿਲੂਆਂ ਤੋਂ ਕਰ ਸਕਦੇ ਹਾਂ: ਲੋਕ ਸੰਗੀਤ ਦੀ ਵਾਦਨ ਪਰੰਪਰਾ, ਸ਼ਾਸਤਰੀ ਸੰਗੀਤ ਦੀ ਵਾਦਨ ਪਰੰਪਰਾ ਅਤੇ ਗੁਰਮਤਿ ਸੰਗੀਤ ਦੀ ਵਾਦਨ ਪਰੰਪਰਾ।

ਪੰਜਾਬ ਵਿੱਚ ਸ਼ਾਸਤਰੀ ਵਾਦਨ ਦੀ ਪਰੰਪਰਾ ਓਨੀ ਹੀ ਪੁਰਾਣੀ ਹੈ ਜਿੰਨੀ ਕਿ ਗਾਇਨ ਦੀ। ਜੇਕਰ ਪੰਜਾਬ ਵਿੱਚ ਗਾਇਨ ਦੇ ਘਰਾਣਿਆਂ ਦੀ ਗੱਲ ਕਰੀਏ ਤਾਂ ਇੱਥੇ ਸ਼ਾਮ ਚੌਰਾਸੀ, ਤਲਵੰਡੀ, ਹਰਿਆਣਾ, ਪਟਿਆਲਾ, ਕਪੂਰਥਲਾ ਅਤੇ ਨੇਸ਼ਹਿਰਾ ਨੰਗਲੀ ਵਰਗੇ ਕਈ ਘਰਾਣਿਆਂ ਦਾ ਜਨਮ ਅਤੇ ਵਿਕਾਸ ਹੋਇਆ। ਗਾਇਨ ਦੇ ਘਰਾਣਿਆਂ ਦੇ ਨਾਲ-ਨਾਲ ਪੰਜਾਬ ਵਿੱਚ ਵਾਦਨ ਪਰੰਪਰਾ ਦੇ ਅੰਤਰਗਤ ਤਬਲਾ ਵਾਦਨ ਦੇ ਘਰਾਣਿਆਂ ਨੇ ਵਿਸ਼ਵ ਭਰ 'ਚ ਪ੍ਰਸਿੱਧੀ ਹਾਸਲ ਕੀਤੀ ਹੈ। ਪੰਜਾਬ ਦੇ ਵਾਦਨ ਘਰਾਣਿਆਂ ਵਿੱਚੋਂ ਕੁਝ ਅਜੋਕੇ ਸਮੇਂ ਵੀ ਕਾਰਜਸ਼ੀਲ ਹਨ ਜਿਹਨਾਂ ਦਾ ਵਰਣਨ ਅੱਗੇ ਕੀਤਾ ਗਿਆ ਹੈ।

**ਸੰਗੀਤ ਵਿੱਚ ਸਾਜ਼ ਦਾ ਪ੍ਰਯੋਗ**

ਸੰਗੀਤ ਦੇ ਇਤਿਹਾਸ ਤੋਂ ਪਤਾ ਚਲਦਾ ਹੈ ਕਿ ਸਾਜ਼ਾਂ ਦਾ ਪ੍ਰਯੋਗ ਪ੍ਰਾਚੀਨ ਕਾਲ ਤੋਂ ਹੁੰਦਾ ਆ ਰਿਹਾ ਹੈ। ਪੁਰਾਤਨ ਸਮੇਂ ਦੁਦੰਭੀ, ਭੂਮੀ ਦੁਦੰਭੀ, ਭੇਰੀ, ਆਡੰਬਰ, ਮ੍ਰਿਦੰਗ ਆਦਿ ਸਾਜ਼ ਪ੍ਰਚਲਿਤ ਸਨ। ਲੈਅ-ਸਾਜ਼ ਧੁਨੀ ਦਾ

ਸੰਚਾਲਨ ਕਰਨ ਵਿੱਚ ਸਹਾਇਕ ਹੁੰਦੇ ਹਨ। ਸਾਜ਼ ਦੀ ਪਰਿਭਾਸ਼ਾ ਦਿੰਦੇ ਹੋਏ ਡਾ. ਯੋਗਮਾਇਆ ਸ਼ੁਕਲ ਲਿਖਦੇ ਹਨ, "ਸਵਰ ਤੇ ਤਾਲ ਨੂੰ ਅਭਿਵਿਅਕਤ ਕਰਨ ਵਾਲੇ ਉਪਕਰਣ ਭਾਰਤੀ ਸੰਗੀਤ ਵਿੱਚ ਸਾਜ਼ ਕਹੇ ਜਾਂਦੇ ਹਨ।

ਸਾਜ਼ਾਂ ਦੇ ਵਰਗੀਕਰਣ ਬਾਰੇ ਜਾਣਕਾਰੀ ਭਰਤ ਦੇ ਗ੍ਰੰਥ 'ਨਾਟਯ-ਸ਼ਾਸਤਰ' ਵਿੱਚ ਪ੍ਰਾਪਤ ਹੁੰਦੀ ਹੈ। 'ਨਾਟਯ ਸ਼ਾਸਤਰ' ਵਿੱਚ ਸਾਰਿਆਂ ਸਾਜ਼ਾਂ ਦੀ ਵੰਡ ਚਾਰ ਸ਼੍ਰੇਣੀਆਂ ਵਿੱਚ ਕੀਤੀ ਗਈ ਹੈ : ਤੱਤ ਸਾਜ਼, ਸੁਸ਼ਿਰ ਸਾਜ਼, ਅਵਨਧ ਸਾਜ਼ ਅਤੇ ਘਨ ਸਾਜ਼।

### ਤਬਲੇ ਦੀ ਉਤਪਤੀ ਅਤੇ ਮਹੱਤਵ

ਤਬਲਾ ਸਾਜ਼ ਦੇ ਆਵਿਸ਼ਕਾਰ ਦੇ ਸਬੰਧ ਵਿੱਚ ਬੇਸ਼ਕ ਵਿਦਵਾਨਾਂ ਦੇ ਬਹੁਤ ਮੱਤ ਮਿਲਦੇ ਹਨ ਪਰ ਇਸ ਬਾਰੇ ਕੋਈ ਸਰਵ ਸਾਂਝਾ ਮੱਤ ਪ੍ਰਾਪਤ ਨਹੀਂ ਹੁੰਦਾ। ਬਹੁਤ ਸਾਰੇ ਲੋਕ ਹਜ਼ਰਤ ਅਮੀਰ ਖੁਸਰੋ (1253-1325 ਈ.) ਦੁਆਰਾ ਤਬਲੇ ਦਾ ਆਵਿਸ਼ਕਾਰ ਹੋਇਆ ਮੰਨਦੇ ਹਨ। ਉਨ੍ਹਾਂ ਦੀਆਂ ਆਪਣੀਆਂ ਲਿਖਤਾਂ ਵਿੱਚ ਤਬਲੇ ਦੇ ਆਵਿਸ਼ਕਾਰ ਬਾਰੇ ਕੁਝ ਵੀ ਲਿਖਤ ਰੂਪ ਵਿੱਚ ਨਹੀਂ ਮਿਲਦਾ 'ਇਜਾਜੇ-ਖੁਸਰਵੀ' ਵਿੱਚ 'ਤਬਲ' ਸਾਜ਼ ਦਾ ਵਰਣਨ ਜ਼ਰੂਰ ਮਿਲਦਾ ਹੈ ਪਰ ਇਸ ਦਾ ਆਵਿਸ਼ਕਾਰਕ ਆਪਣੇ ਆਪ ਨੂੰ ਨਹੀਂ ਮੰਨਦੇ। ਇਸ ਲਈ ਅਮੀਰ ਖੁਸਰੋ ਨੇ ਤਬਲੇ ਦਾ ਆਵਿਸ਼ਕਾਰ ਕੀਤਾ ਇਹ ਮੰਨਣਾ ਠੀਕ ਨਹੀਂ। ਇਕ ਮੱਤ ਅਨੁਸਾਰ ਹੁਸੈਨ ਖਾਂ ਢੋਲਕੀਏ ਨੂੰ ਕਈ ਲੋਕ ਤਬਲੇ ਦਾ ਜਨਮ ਦਾਤਾ ਮੰਨਦੇ ਹਨ। ਇਸ ਮੱਤ ਸਬੰਧੀ ਇਹ ਪ੍ਰਚਲਿਤ ਹੈ ਕਿ ਭਵਾਨੀਦਾਸ ਪਖਾਵਜੀ ਅਤੇ ਖੱਬੇ ਹੁਸੈਨ ਖਾਂ ਦੇ ਵਿਚਕਾਰ ਹੋਏ ਮੁਕਾਬਲੇ ਵਿੱਚ ਹੁਸੈਨ ਖਾਂ ਦੀ ਹਾਰ ਹੋ ਜਾਣ 'ਤੇ ਇਹ ਮੰਨਿਆ ਜਾਂਦਾ ਹੈ ਕਿ ਉਨ੍ਹਾਂ ਨੇ ਢੋਲਕ ਵਿਚਕਾਰ ਤੋਂ ਕੱਟ ਕੇ ਤਬਲੇ ਨੂੰ ਜਨਮ ਦਿੱਤਾ। ਇਹਨਾਂ ਮੱਤਾਂ ਦਾ ਅਧਿਐਨ ਕਰਨ ਉਪਰੰਤ ਇਹ ਕਿਹਾ ਜਾ ਸਕਦਾ ਹੈ ਕਿ ਤਬਲੇ ਦਾ ਆਵਿਸ਼ਕਾਰਕ ਭਾਵੇਂ ਕੋਈ ਵੀ ਹੋਵੇ, ਪਰ ਇਸ ਨੂੰ ਨਵੀਨ ਰੂਪ ਦੇਣ ਵਾਲੇ ਉਸਤਾਦ ਸੁਧਾਰ ਖਾਂ ਮੰਨੇ ਜਾਂਦੇ ਹਨ, ਜਿਨ੍ਹਾਂ ਨੇ ਪਖਾਵਜ ਦੇ ਬੋਲਾਂ ਵਿੱਚ ਪਰਿਵਰਤਨ ਕਰਕੇ ਤਬਲੇ ਨੂੰ ਨਵਾਂ ਰੂਪ ਪ੍ਰਦਾਨ ਕੀਤਾ ਅਤੇ ਇਸ ਦੇ ਪ੍ਰਚਾਰ ਵਿੱਚ ਯੋਗਦਾਨ ਦਿੱਤਾ।

ਤਬਲਾ ਸਾਜ਼ ਅਵਨਧ ਸਾਜ਼ਾਂ ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਆਧੁਨਿਕ ਸਮੇਂ ਵਿੱਚ ਤਬਲਾ ਬਹੁਤ ਪ੍ਰਚਲਿਤ ਤਾਲ ਸਾਜ਼ ਹੈ। ਸ਼ਾਸਤਰੀ ਸੰਗੀਤ ਦੀਆਂ ਵੱਖ-ਵੱਖ ਸ਼ੈਲੀਆਂ ਜਿਵੇਂ ਕਿ ਗਾਇਨ, ਵਾਦਨ ਅਤੇ ਨ੍ਰਿਤ ਨਾਲ ਸੰਗਤ ਕਰਨ ਲਈ ਤਬਲਾ ਬਹੁਤ ਉਪਯੋਗੀ ਸਾਜ਼ ਹੈ। ਇਸ ਤੋਂ ਇਲਾਵਾ ਉਪ-ਸ਼ਾਸਤਰੀ ਸੰਗੀਤ, ਸੁਗਮ ਸੰਗੀਤ, ਫ਼ਿਲਮੀ ਸੰਗੀਤ ਅਤੇ ਹੁਣ ਤਾਂ ਲੋਕ ਸੰਗੀਤ ਵਿੱਚ ਵੀ ਤਬਲਾ ਸਾਜ਼ ਦੀ ਵਰਤੋਂ ਕੀਤੀ ਜਾ ਰਹੀ ਹੈ। ਸੰਗਤ ਲਈ ਉਪਯੋਗੀ ਹੋਣ ਦੇ ਨਾਲ-ਨਾਲ ਏਕਲ ਵਾਦਨ ਲਈ ਵੀ ਇਹ ਬਹੁਤ ਉਪਯੁਕਤ ਸਾਜ਼ ਹੈ। ਨ੍ਰਿਤ ਦੇ ਪ੍ਰਦਰਸ਼ਨ ਵਿਸ਼ੇਸ਼ ਕਰਕੇ ਉੱਤਰ ਭਾਰਤ ਦੇ ਸ਼ਾਸ਼ਤਰੀ ਨ੍ਰਿਤ ਕੱਥਕ ਵਿੱਚ ਇਸ ਦਾ ਪ੍ਰਯੋਗ ਅਤਿ ਲੋੜੀਂਦਾ ਹੈ। ਅਜੋਕੇ ਸਮੇਂ ਵਿੱਚ ਤਬਲੇ ਦਾ ਖੇਤਰ ਬਹੁਤ ਵਿਸ਼ਾਲ ਹੋ ਚੁੱਕਾ ਹੈ, ਇਹ ਸਾਜ਼ ਅੰਤਰਰਾਸ਼ਟਰੀ ਪ੍ਰਸਿੱਧੀ ਹਾਸਲ ਕਰ ਚੁੱਕਾ ਹੈ।

ਪਰਿਵਰਤਨ ਕੁਦਰਤ ਦਾ ਨਿਯਮ ਹੈ। ਜਿਸ ਤਰ੍ਹਾਂ ਸੰਗੀਤ ਦੀਆਂ ਗਾਇਨ ਸ਼ੈਲੀਆਂ ਵਿੱਚ ਪਰਿਵਰਤਨ ਹੋਇਆ ਹੈ ਉਸ ਤਰ੍ਹਾਂ ਇਨ੍ਹਾਂ ਗਾਇਨ ਸ਼ੈਲੀਆਂ ਨਾਲ ਪ੍ਰਯੋਗ ਹੋਣ ਵਾਲੇ ਸਾਜ਼ਾਂ ਵਿੱਚ ਵੀ ਬਦਲਾਓ ਹੋਇਆ ਹੈ। ਕਿਸੇ ਸਮੇਂ ਧਰੁਪਦ ਗਾਇਨ ਨਾਲ ਪਖਾਵਜ ਅਤੇ ਪ੍ਰਬੰਧ ਗਾਇਨ ਨਾਲ ਮ੍ਰਿਦੰਗ ਸਾਜ਼ ਦਾ ਪ੍ਰਯੋਗ ਹੁੰਦਾ ਸੀ। ਕਾਲ ਅੰਤਰ ਨਾਲ ਖਿਆਲ, ਟੱਪਾ, ਦਾਦਰਾ, ਠੁਮਰੀ, ਕੱਵਾਲੀ, ਹੋਰੀ ਅਤੇ ਕਜਰੀ ਆਦਿ ਗਾਇਨ ਸ਼ੈਲੀਆਂ ਪ੍ਰਚਾਰ ਵਿੱਚ ਆਈਆਂ ਤਾਂ ਨਵੇਂ ਸਾਜ਼ਾਂ ਦਾ ਵਿਕਾਸ ਵੀ ਇਨ੍ਹਾਂ ਗਾਇਨ ਸ਼ੈਲੀਆਂ ਦੇ ਆਧਾਰ 'ਤੇ ਹੋਇਆ। ਇਸੇ ਸਮੇਂ ਤਬਲੇ ਦਾ ਆਵਿਸ਼ਕਾਰ ਹੋਣ ਨਾਲ ਤਬਲਾ ਪ੍ਰਮੁੱਖ ਤਾਲ ਸਾਜ਼ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਇਆ।

### ਤਬਲੇ ਦਾ ਪੰਜਾਬ ਘਰਾਣਾ: ਪਰੰਪਰਾ, ਵਿਕਾਸ ਅਤੇ ਯੋਗਦਾਨ

ਤਬਲੇ ਦੇ ਖੇਤਰ ਵਿੱਚ ਪੰਜਾਬ ਘਰਾਣਾ ਆਪਣਾ ਇੱਕ ਅਲੱਗ ਸਥਾਨ ਰੱਖਦਾ ਹੈ। ਪੰਜਾਬ ਬਾਜ ਨੂੰ ਛੱਡ ਕੇ ਤਬਲੇ ਦੇ ਬਾਕੀ ਘਰਾਣੇ ਅਜਰਾੜਾ, ਲਖਨਊ, ਫਰੁਖਾਬਾਦ ਅਤੇ ਬਨਾਰਸ ਆਦਿ ਸ਼ਾਖਾਵਾਂ ਦੇ ਰੂਪ ਵਿੱਚ ਦਿੱਲੀ ਘਰਾਣੇ ਨਾਲ ਸਬੰਧਿਤ ਹਨ ਪਰੰਤੂ ਪੰਜਾਬ ਬਾਜ ਸੁਤੰਤਰ ਰੂਪ ਵਿੱਚ ਵਿਕਸਿਤ ਹੋਇਆ ਹੈ। ਇਸ ਘਰਾਣੇ ਦੇ

ਨਿਰਮਾਣ ਦਾ ਆਧਾਰ ਪਖਾਵਜ ਸਾਜ਼ ਨੂੰ ਮੰਨਿਆ ਗਿਆ ਹੈ ਕਿਉਂਕਿ ਇਸ ਘਰਾਣੇ ਦੇ ਮੋਢੀ ਕਲਾਕਾਰ ਪਖਾਵਜ ਵਾਦਕ ਸਨ।

ਇਸ ਘਰਾਣੇ ਦੇ ਮੋਢੀ ਦੇ ਰੂਪ ਵਿੱਚ ਲਾਲਾ ਭਵਾਨੀਦਾਸ ਦਾ ਨਾਂ ਆਉਂਦਾ ਹੈ। ਇਨ੍ਹਾਂ ਦੀ ਸ਼ਿਸ਼ ਪਰੰਪਰਾ ਦਾ ਪੰਜਾਬ ਬਾਜ ਨੂੰ ਪ੍ਰਫੁਲਿਤ ਕਰਨ ਵਿੱਚ ਵਿਸ਼ੇਸ਼ ਯੋਗਦਾਨ ਰਿਹਾ ਹੈ। ਲਾਲਾ ਭਵਾਨੀਦਾਸ ਇੱਕ ਉਤਮ ਪਖਾਵਜ ਵਾਦਕ ਸਨ। ਜਿਹਨਾਂ ਦਾ ਸਮਾਂ 18ਵੀਂ ਸ਼ਤਾਬਦੀ ਦਾ ਮੰਨਿਆ ਜਾਂਦਾ ਹੈ। ਇਸ ਤੋਂ ਇਹ ਪਤਾ ਚਲਦਾ ਹੈ ਕਿ ਪੰਜਾਬ ਘਰਾਣੇ ਦੀ ਪਰੰਪਰਾ ਦੀ ਸ਼ੁਰੂਆਤ 18ਵੀਂ ਸ਼ਤਾਬਦੀ ਦੇ ਮੱਧ ਕਾਲ ਤੋਂ ਹੋਈ। ਇਸ ਬਾਜ ਦੇ ਸ਼ੁਰੂਆਤੀ ਦੌਰ ਵਿੱਚ ਸਿਰਫ਼ ਪਖਾਵਜ ਦੀ ਹੀ ਤਾਲੀਮ ਦਿੱਤੀ ਜਾਂਦੀ ਸੀ। ਫਿਰ ਪਖਾਵਜ ਦੇ ਨਾਲ-ਨਾਲ ਤਬਲੇ ਦੀ ਸਿੱਖਿਆ ਵੀ ਸ਼ੁਰੂ ਹੋਈ। ਵਰਤਮਾਨ ਸਮੇਂ ਵਿੱਚ ਪਖਾਵਜ ਬਹੁਤ ਘੱਟ ਸਿਖਾਇਆ ਜਾਂਦਾ ਹੈ ਜੋ ਨਾਹ ਦੇ ਬਰਾਬਰ ਹੀ ਹੈ। ਹੁਣ ਮੁਖ ਰੂਪ ਵਿੱਚ ਤਬਲੇ ਦੀ ਸਿੱਖਿਆ ਹੀ ਦਿੱਤੀ ਜਾਂਦੀ ਹੈ।

ਲਾਲਾ ਭਵਾਨੀ ਦਾਸ ਬ੍ਰਜ ਦੇ ਰਹਿਣ ਵਾਲੇ ਸਨ। ਉਹ ਲਾਹੌਰ ਦੇ ਸੂਬੇਦਾਰ ਦੇ ਬੁਲਾਵੇ 'ਤੇ ਪੰਜਾਬ ਵਿੱਚ ਆਏ। ਇੱਥੇ ਰਹਿੰਦੇ ਹੋਏ ਇਨ੍ਹਾਂ ਨੇ ਕਈ ਸ਼ਿਸ਼ਾਂ ਨੂੰ ਪਖਾਵਜ ਦੀ ਸਿੱਖਿਆ ਪ੍ਰਦਾਨ ਕੀਤੀ। ਲਾਲਾ ਭਵਾਨੀਦਾਸ ਦੇ ਨਾਮ ਬਾਰੇ ਕਈ ਵਿਚਾਰ ਮਿਲਦੇ ਹਨ। ਉਨ੍ਹਾਂ ਨੂੰ ਕੋਈ ਭਵਾਨੀਦੀਨ ਅਤੇ ਕੋਈ ਭਵਾਨੀ ਸਿੰਘ ਕਹਿੰਦਾ ਹੈ। ਆਬਾਨ ਮਿਸਤ੍ਰੀ ਇਸ ਮੱਤ ਭੇਦ ਬਾਰੇ ਸਪੱਸ਼ਟ ਕਰਦੇ ਹੋਏ ਲਿਖਦੇ ਹਨ, "ਮਅਦਨ-ਉਲ-ਮੁਸੀਕੀ, ਰਾਗ ਦਰਪਣ ਤੇ ਹੋਰ ਪੁਸਤਕਾਂ ਦੇ ਅਨੁਸਾਰ ਤਾਜ ਖਾਂ ਡੇਰੇ ਦਾਰ ਅਤੇ ਕੁਦਊ ਸਿੰਘ ਪਖਾਵਜੀ, ਦੋਹਾਂ ਨੇ ਲਾਲਾ ਤੋਂ ਹੀ ਸਿੱਖਿਆ ਪ੍ਰਾਪਤ ਕੀਤੀ। ਇਸ ਲਈ ਦੋਹਾਂ ਘਰਾਣਿਆਂ ਦੇ ਪਰਵਰਤਕ ਇੱਕ ਹੀ ਵਿਅਕਤੀ ਲਾਲਾ ਭਵਾਨੀਦਾਸ ਹਨ। ਅੰਤਰ ਕੇਵਲ ਇੰਨਾ ਹੈ ਕਿ ਪੰਜਾਬ ਘਰਾਣੇ ਦੇ ਲੋਕ ਭਵਾਨੀਦਾਸ 'ਤੇ ਹੋਰ ਘਰਾਣਿਆਂ ਦੇ ਲੋਕ ਭਵਾਨੀਦੀਨ ਕਹਿੰਦੇ ਹਨ। ਉਂਞ ਦੀਨ ਅਤੇ ਦਾਸ ਦੇ ਅਰਥ ਵੀ ਸਮਾਨ ਹੁੰਦੇ ਹਨ।

ਲਾਲਾ ਭਵਾਨੀਦਾਸ ਦੇ ਸ਼ਿਸ਼ਾਂ ਨੇ ਪੰਜਾਬ ਘਰਾਣੇ ਦੀ ਪਰੰਪਰਾ ਦਾ ਵਿਸਥਾਰ ਕਰਨ ਵਿੱਚ ਵਿਸ਼ੇਸ਼ ਯੋਗਦਾਨ ਦਿੱਤਾ। ਇਨ੍ਹਾਂ ਦੇ ਸ਼ਿਸ਼ਾਂ ਵਿੱਚ ਮੀਆਂ ਕਾਦਰ ਬਖ਼ਸ਼ (ਪਹਿਲੇ), ਹੱਦੂ ਖਾਂ (ਲਾਹੌਰ ਵਾਲੇ), ਤਾਜ ਖਾਂ ਡੇਰੇਦਾਰ, ਅਮੀਰ ਅਲੀ (ਜੋ ਕਿ ਖੱਬੇ ਹੁਸੈਨ ਢੋਲਕੀਆਂ ਦੇ ਪੁੱਤਰ ਸੀ) ਅਤੇ ਇੱਕ ਹੋਰ ਸ਼ਿਸ਼ ਦਾ ਨਾਂ ਅਗਿਆਤ ਹੈ ਸ਼ਾਮਲ ਹਨ। ਲਾਲਾ ਭਵਾਨੀਦਾਸ ਦੇ ਸ਼ਿਸ਼ਾਂ ਦਾ ਸੰਖੇਪ ਵਰਣਨ ਇਸ ਪ੍ਰਕਾਰ ਹੈ:

ਮੀਆਂ ਕਾਦਰ ਬਖਸ਼ (ਪਹਿਲੇ) ਲਾਲਾ ਭਵਾਨੀਦਾਸ ਦੇ ਸ਼ਿਸ਼ਾਂ ਵਿੱਚੋਂ ਸੀ। ਮੀਆਂ ਕਾਦਰ ਬਖ਼ਸ਼ (ਪਹਿਲੇ) ਦੀ ਸ਼ਿਸ਼ ਪਰੰਪਰਾ ਭਾਰਤ ਤੋਂ ਇਲਾਵਾ ਪਾਕਿਸਤਾਨ ਵਿੱਚ ਵੀ ਮਿਲਦੀ ਹੈ। ਇਨ੍ਹਾਂ ਦੀ ਵੰਸ਼ ਅਤੇ ਸ਼ਿਸ਼ ਪਰੰਪਰਾ ਨੇ ਤਬਲੇ ਦੇ ਪ੍ਰਚਾਰ ਵਿੱਚ ਮਹੱਤਵ ਪੂਰਨ ਭੂਮਿਕਾ ਨਿਭਾਈ ਹੈ। ਮੀਆਂ ਕਾਦਰ ਬਖ਼ਸ਼ ਦੀ ਪਰੰਪਰਾ ਵਿੱਚ ਮੀਆਂ ਹੁਸੈਨ ਬਖ਼ਸ਼ (ਪੁੱਤਰ) ਮੀਆਂ ਫ਼ਕੀਰ ਬਖ਼ਸ਼ (ਪੋਤਰੇ) ਅਤੇ ਸ਼ਿਸ਼ ਭਾਈ ਬਾਗ ਸਨ। ਮੀਆਂ ਫ਼ਕੀਰ ਬਖ਼ਸ਼ ਦੇ ਪੁੱਤਰ ਮੀਆਂ ਕਾਦਰ ਬਖ਼ਸ਼ (ਦੂਜੇ) ਹੋਏ।

ਮੀਆਂ ਫ਼ਕੀਰ ਬਖ਼ਸ਼ ਨੂੰ ਤਬਲਾ ਅਤੇ ਪਖਾਵਜ ਵਜਾਉਣ ਵਿੱਚ ਮੁਹਾਰਤ ਹਾਸਲ ਸੀ। ਇਨ੍ਹਾਂ ਨੇ ਆਪਣੇ ਸਮੇਂ ਵਿੱਚ ਬਹੁਤ ਪ੍ਰਸਿੱਧੀ ਪ੍ਰਾਪਤ ਕੀਤੀ। ਇਨ੍ਹਾਂ ਨੇ ਪਖਾਵਜ ਦੇ ਬੋਲਾਂ ਵਿੱਚ ਪਰਿਵਰਤਨ ਕਰਕੇ ਅਤੇ ਬੋਲਾਂ ਦਾ ਬੰਦ ਵਾਦਨ ਤਬਲੇ 'ਤੇ ਕਰਕੇ ਇਕ ਨਵੀਂ ਸ਼ੈਲੀ ਨੂੰ ਜਨਮ ਦਿੱਤਾ, ਜੋ ਕਿ 'ਪੰਜਾਬ ਬਾਜਾ' ਦੇ ਨਾਮ ਨਾਲ ਜਾਣੀ ਜਾਂਦੀ ਹੈ। "ਲਾਹੌਰ ਦੇ ਮੀਆਂ ਫ਼ਕੀਰ ਬਖ਼ਸ਼ ਦਾ ਘਰਾਣਾ ਸਾਰੇ ਭਾਰਤ ਵਿੱਚ ਉਤਮ ਮੰਨਿਆ ਜਾਂਦਾ ਸੀ, ਅਜਿਹਾ ਕਥਨ ਪੰਨਾ ਲਾਲ ਮਦਾਨ ਨੇ ਦਰਜ ਕੀਤਾ ਹੈ।

ਮੀਆਂ ਫ਼ਕੀਰ ਬਖ਼ਸ਼ ਦੇ ਸ਼ਿਸ਼ਾਂ ਵਿੱਚ ਕਰਮ ਇਲਾਹੀ, ਮੀਆਂ ਮਲੰਗ, ਮੀਰਾ ਬਖ਼ਸ਼ ਘਿਲਵਾਲੀਏ ਅਤੇ ਬਹਾਦੁਰ ਸਿੰਘ ਆਦਿ ਸਨ। ਫ਼ਕੀਰ ਬਖ਼ਸ਼ ਦੇ ਪਹਿਲੇ ਸ਼ਿਸ਼ ਦੇ ਰੂਪ ਵਿੱਚ ਕਰਮ ਇਲਾਹੀ ਦਾ ਨਾਂ ਆਉਂਦਾ ਹੈ ਜੋ ਬਹੁਤ ਗੁਣਵਾਨ ਅਤੇ ਵਿਦਵਾਨ ਸੀ। ਇਨ੍ਹਾਂ ਦੀ ਸ਼ਿਸ਼ ਪਰੰਪਰਾ ਭਾਰਤ ਅਤੇ ਪਾਕਿਸਤਾਨ ਦੋਨਾਂ ਦੇਸ਼ਾਂ ਵਿੱਚ ਫੈਲੀ ਹੋਈ ਸੀ। ਇਨ੍ਹਾਂ ਦੇ ਸ਼ਿਸ਼ਾਂ ਵਿੱਚ ਮੀਆਂ ਕਾਦਰ ਬਖ਼ਸ਼ (ਦੂਜੇ) ਜੋ ਕਿ ਗੁਰੂ ਦੇ ਪੁੱਤਰ ਸੀ, ਮੀਆਂ ਨਬੀ ਬਖ਼ਸ਼ ਕਾਲਰੀਏ, ਬਹਾਦਰ ਸਿੰਘ, ਵਾਸੁਦੇਵ ਸਿੰਘ ਪ੍ਰਸਾਦ (ਬਨਾਰਸ) ਆਦਿ ਸ਼ਾਮਲ ਸਨ। ਦੂਸਰੇ ਸ਼ਿਸ਼ ਬਾਬਾ ਮਲੰਗ

ਉਤਮ ਕਲਾਕਾਰ ਸੀ। ਇਨ੍ਹਾਂ ਦੀ ਪਰੰਪਰਾ ਵੀ ਪੰਜਾਬ ਤੋਂ ਇਲਾਵਾ ਪਾਕਿਸਤਾਨ ਵਿੱਚ ਮੌਜੂਦ ਹੈ। ਜੋ ਸ਼ਿਸ਼ ਪਰੰਪਰਾ ਪਾਕਿਸਤਾਨ ਵਿੱਚ ਹੈ, ਉਸ ਵਿੱਚ ਤਾਲਬ ਹੁਸੈਨ (ਭਾਣਜਾ), ਅਯੋਧਿਆ ਪ੍ਰਸਾਦ, ਇਨਾਇਤ ਅਲੀ, ਸ਼ੌਕਤ ਹੁਸੈਨ ਆਦਿ ਹਨ। ਫ਼ਕੀਰ ਬਖ਼ਸ਼ ਦੇ ਹੋਰ ਸ਼ਿਸ਼ਾਂ ਵਿੱਚ ਫ਼ਿਰੋਜ ਖਾਂ, ਫਤੇਉਲਾ, ਫ਼ਕੀਰ ਬਖ਼ਸ਼, ਬਾਬਾ ਸਿੱਧੀ, ਭਾਈ ਰੱਖਾ ਆਦਿ ਸ਼ਾਮਲ ਹਨ।

ਫ਼ਕੀਰ ਬਖ਼ਸ਼ ਦੇ ਘਰ ਪੁੱਤਰ ਮੀਆਂ ਕਾਦਰ ਬਖ਼ਸ਼ (ਦੂਜਾ) ਦਾ ਜਨਮ 1902 ਈ: ਨੂੰ ਲਾਹੌਰ ਵਿਖੇ ਕਾਫ਼ੀ ਲੰਬੇ ਸਮੇਂ ਬਾਅਦ ਹੋਇਆ। ਇਨ੍ਹਾਂ ਨੇ ਆਪਣੀ ਆਰੰਭਿਕ ਸਿੱਖਿਆ ਆਪਣੇ ਪਿਤਾ ਤੋਂ ਇਲਾਵਾ ਕਰਮ ਇਲਾਹੀ ਤੋਂ ਵੀ ਪ੍ਰਾਪਤ ਕੀਤੀ। ਇਨ੍ਹਾਂ ਨੇ ਪੰਜਾਬ ਘਰਾਣੇ ਦੀ ਪਰੰਪਰਾ ਨੂੰ ਅੱਗੇ ਵਧਾਉਣ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਇਨ੍ਹਾਂ ਤੋਂ ਬਹੁਤ ਜ਼ਿਆਦਾ ਸ਼ਿਸ਼ਾਂ ਨੇ ਤਬਲੇ ਵਾਦਨ ਦੀ ਸਿੱਖਿਆ ਪ੍ਰਾਪਤ ਕੀਤੀ। ਯੋਗਮਾਇਆ ਸ਼ੁਕਲ ਅਨੁਸਾਰ, "ਲੋਕ ਇਨ੍ਹਾਂ ਨੂੰ 'ਸਵਾ-ਲੱਖ ਉਖਲੀ ਦਾ ਮਾਲਕ' ਭਾਵ ਸਵਾ ਲੱਖ ਸ਼ਿਸ਼ਾਂ ਦਾ ਗੁਰੂ ਕਹਿਣ ਲੱਗੇ। ਇਸ ਤੋਂ ਪਤਾ ਲੱਗਦਾ ਹੈ ਕਿ ਇਨ੍ਹਾਂ ਨੇ ਤਬਲੇ ਦਾ ਬਹੁਤ ਪ੍ਰਚਾਰ-ਪ੍ਰਸਾਰ ਕੀਤਾ। ਇਨ੍ਹਾਂ ਦੇ ਸ਼ਿਸ਼ਾਂ ਵਿੱਚ ਮਹਿਬੂਬ ਬਖ਼ਸ਼, ਮਹਾਰਾਜਾ ਟੀਕਮਗੜ੍ਹ, ਲਾਲ ਮੁਹੰਮਦ ਖਾਂ, ਸਾਦਿਕ ਹੁਸੈਨ, ਭਾਈ ਨਸੀਰਾ, ਸ਼ੌਕਤ ਹੁਸੈਨ, ਚਕ੍ਰਧਰ ਸਿੰਘ (ਰਾਇਗੜ੍ਹ ਦੇ ਰਾਜਾ) ਜਤਿਨ ਬਖ਼ਸ਼, ਦਾਸ ਮਲ ਅਤੇ ਲਛਮਨ ਸਿੰਘ ਸੀਨ ਆਦਿ ਹਨ। ਇਨ੍ਹਾਂ ਦੇ ਨਾਮਵਰ ਸ਼ਿਸ਼ ਉਸਤਾਦ ਅੱਲ੍ਹਾ ਰੱਖਾ ਪੰਜਾਬ ਘਰਾਣੇ ਦੇ ਮਹਾਨ ਕਲਾਕਾਰ ਸਨ। ਇਨ੍ਹਾਂ ਦੇ ਪੁੱਤਰ ਅਤੇ ਸ਼ਿਸ਼ ਜ਼ਾਕਿਰ ਹੁਸੈਨ ਵਰਤਮਾਨ ਸਮੇਂ ਵਿੱਚ ਵਿਸ਼ਵ ਪ੍ਰਸਿੱਧ ਤਬਲਾ ਵਾਦਕ ਹਨ। ਉਸਤਾਦ ਜ਼ਾਕਿਰ ਹੁਸੈਨ ਦੇ ਸ਼ਿਸ਼ ਭਾਰਤ ਤੋਂ ਇਲਾਵਾ ਵਿਦੇਸ਼ਾਂ ਵਿੱਚ ਵੀ ਮੌਜੂਦ ਹਨ।

ਵਰਤਮਾਨ ਸਮੇਂ ਵਿੱਚ ਪੰਜਾਬ ਘਰਾਣੇ ਦੇ ਉਸਤਾਦ ਲਛਮਣ ਸਿੰਘ ਸੀਨ ਪੰਜਾਬ ਘਰਾਣੇ ਦਾ ਪ੍ਰਚਾਰ ਕਰਦੇ ਹੋਏ, ਆਪਣੇ ਸ਼ਿਸ਼ਾਂ ਨੂੰ ਸਿੱਖਿਆ ਦੇ ਰਹੇ ਹਨ। ਆਪ ਦੇ ਸ਼ਿਸ਼ਾਂ ਵਿੱਚ ਸਵ: ਪਵਨ ਕੁਮਾਰ ਵਰਮਾ (ਦਾਮਾਦ) ਕਿੰਨਰ ਕੁਮਾਰ ਸੀਨ (ਪੁੱਤਰ) ਤ੍ਰਿਲੋਕ ਸਿੰਘ, ਸੁਨੀਤਾ ਕੁਮਾਰੀ, ਆਲਮ ਤਿਲਕ, ਤਾਲਵਿਨ ਸਿੰਘ ਅਤੇ ਪੰਡਿਤ ਕਾਲੇ ਰਾਮ ਪ੍ਰਮੁੱਖ ਹਨ। ਇਸ ਤੋਂ ਇਲਾਵਾ ਕਰੀਮ ਆਲਮ ਮਲਿਕ, ਤਰਸੇਮ ਲਾਲ, ਹਰਬੰਸ ਲਾਲ, ਪਿਆਰਾ ਲਾਲ, ਤਿਲਕ ਰਾਜ, ਅਜੀਤ ਕੁਮਾਰ, ਹਰਿਵੰਸ਼ ਸ਼ਰਮਾ ਆਦਿ ਹਨ।

ਹੱਦੂ ਖਾਂ (ਲਾਹੌਰ ਵਾਲੇ) ਲਾਲਾ ਭਵਾਨੀਦਾਸ ਦੇ ਦੂਸਰੇ ਸ਼ਿਸ਼ ਸਨ। ਇਨ੍ਹਾਂ ਦੀ ਸ਼ਿਸ਼ ਪਰੰਪਰਾ ਬਾਰੇ ਕੋਈ ਜਾਣਕਾਰੀ ਨਹੀਂ ਪ੍ਰਾਪਤ ਹੁੰਦੀ। ਇਹ ਮੰਨਿਆ ਜਾਂਦਾ ਹੈ ਕਿ ਆਪ ਦੇ ਸ਼ਿਸ਼ ਪਾਕਿਸਤਾਨ ਵਿੱਚ ਵੀ ਹਨ। ਕੁਝ ਲੋਕ ਪੰਡਿਤ ਬਲਦੇਵ ਸਹਾਏ (ਬਨਾਰਸ ਘਰਾਣਾ) ਨੂੰ ਇਨ੍ਹਾਂ ਦਾ ਸ਼ਿਸ਼ ਮੰਨਦੇ ਹਨ। ਇਸ ਸੰਦਰਭ ਵਿੱਚ ਜਰਮਨ ਦੇ ਲੇਖਕ ਸ੍ਰੀ ਰੋਬਰਟ ਗਟਲਿਵ ਨੇ ਆਪਣੀ ਪੁਸਤਕ 'ਮੇਜਰ ਟਰੇਡਿਸ਼ਨਜ਼ ਆਫ਼ ਨਾਰਥ ਇੰਡੀਆ ਤਬਲਾ ਡ੍ਰਮਿੰਗ' ਵਿੱਚ ਇਸ ਗੱਲ ਦਾ ਉਲੇਖ ਕੀਤਾ ਹੈ। ਪਰੰਤੂ ਬਨਾਰਸ ਘਰਾਣੇ ਦੇ ਤਬਲਾ ਵਾਦਕ ਇਸ ਗੱਲ ਨਾਲ ਸਹਿਮਤ ਨਹੀਂ ਹਨ।

ਤਾਜ ਖਾਂ ਡੇਰੇ ਦਾਰ, ਭਵਾਨੀਦਾਸ ਦੇ ਤੀਸਰੇ ਸ਼ਿਸ਼ ਸਨ। ਇਨ੍ਹਾਂ ਦੇ ਪੁੱਤਰ ਨਾਸਿਰ ਖਾਂ ਪ੍ਰਸਿੱਧ ਪਖਾਵਜੀ ਹੋਏ ਹਨ। ਉਸਤਾਦ ਨਾਸਿਰ ਖਾਂ ਦਰਬਾਰੀ ਕਲਾਕਾਰ ਸਨ। ਤਾਜ ਖਾਂ ਦੀ ਪਰੰਪਰਾ ਵਿੱਚ ਉਸਤਾਦ ਨਾਸਿਰ ਖਾਂ (ਪੁੱਤਰ) ਪੋਤਰੇ ਨਜ਼ੀਰ ਖਾਂ ਅਤੇ ਸ਼ਿਸ਼ਾਂ ਵਿੱਚ ਕਾਂਤਾ ਪ੍ਰਸਾਦ ਸਨ।

ਖੱਬੇ ਹੁਸੈਨ ਢੋਲਕੀਆ ਦੇ ਪੁੱਤਰ ਅਮੀਰ ਅਲੀ, ਲਾਲਾ ਭਵਾਨੀਦਾਸ ਦੇ ਚੋਥੇ ਸ਼ਿਸ਼ ਸੀ। ਇਨ੍ਹਾਂ ਦੀ ਸ਼ਿਸ਼ ਜਾਂ ਵੰਸ਼ ਪਰੰਪਰਾ ਦੀ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ।

ਲਾਲਾ ਭਵਾਨੀਦਾਸ ਦੇ ਪੰਜਵੇਂ ਸ਼ਗਿਰਦ ਦੇ ਨਾਂ ਬਾਰੇ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਇਨ੍ਹਾਂ ਦੇ ਸ਼ਿਸ਼ਾਂ ਵਿੱਚ ਭਵਾਨੀ ਪ੍ਰਸਾਦ ਦਾ ਨਾਂ ਆਉਂਦਾ ਹੈ। ਭਵਾਨੀ ਪ੍ਰਸਾਦ ਤੋਂ ਮੱਖਨ ਲਾਲ ਨੇ ਸਿੱਖਿਆ ਪ੍ਰਾਪਤ ਕੀਤੀ। ਆਪਣੇ ਸਮੇਂ ਦੇ ਪ੍ਰਸਿਧ ਗਾਇਕ ਕਲਾਕਾਰ ਪੰਡਿਤ ਦਿਲੀਪਚੰਦਰ ਬੇਦੀ ਅਨੁਸਾਰ, "ਪੰਜਾਬ ਵਿੱਚ ਤਿੰਨ ਮੁੱਖ ਘਰਾਣਿਆਂ ਅਤੇ ਪਰੰਪਰਾਵਾਂ ਦੀ ਖੋਜ ਹੋਈ ਹੈ। ਇਨ੍ਹਾਂ ਦਾ ਵਰਣਨ ਹੇਠ ਲਿਖੇ ਅਨੁਸਾਰ ਹੈ :

**ਨਾਈਆਂ ਦਾ ਘਰਾਣਾ :** ਅੰਮ੍ਰਿਤਸਰ ਦੇ ਨਾਈਆਂ ਦੇ ਘਰਾਣੇ ਦੀ ਸ਼ੁਰੂਆਤ 19ਵੀਂ ਸ਼ਤਾਬਦੀ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿੱਚ ਹੋਈ । ਇਸ ਘਰਾਣੇ ਦਾ ਮੋਢੀ ਇਕ ਨਾਈ ਹੋਣ ਕਾਰਨ ਇਹ ਘਰਾਣਾ ਨਾਈਆਂ ਦੇ ਘਰਾਣੇ ਦੇ ਨਾਂ ਨਾਲ ਜਾਣਿਆ ਜਾਣ ਲੱਗਾ। ਇਸ ਘਰਾਣੇ ਦੀ ਪਰੰਪਰਾ ਦੇ ਵਾਦਕ ਜ਼ਿਆਦਾਤਰ ਗੁਰਦੁਆਰਿਆਂ ਨਾਲ ਸਬੰਧਿਤ ਸਨ।

ਯੋਗਮਾਇਆ ਸ਼ੁਕਲ ਅਨੁਸਾਰ, "ਇਸ ਘਰਾਣੇ ਦੀ ਉਤਪਤੀ ਦੇ ਸਬੰਧ ਵਿੱਚ ਕਿਹਾ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੀ ਪ੍ਰਸਿੱਧ ਨਰਤਕੀ ਮੋਰਾ ਨੇ ਇਕ ਵਾਰ ਮਹਾਰਾਜਾ ਨੂੰ ਬੇਨਤੀ ਕੀਤੀ ਕਿ ਉਸ ਦੇ ਤਬਲਾ ਵਾਦਕ ਦੀ ਉੱਤਮ ਸਿੱਖਿਆ ਦੇ ਲਈ ਕਿਸੇ ਉੱਤਮ ਪਖਾਵਜ ਵਾਦਕ ਨੂੰ ਨਿਯੁਕਤ ਕੀਤਾ ਜਾਵੇ ਜਿਸ ਨਾਲ ਕਿ ਉਹ ਤਬਲਾ ਵਾਦਕ ਉਸ ਨਰਤਕੀ ਦੀ ਉੱਤਮ ਸੰਗਤ ਕਰ ਸਕੇ। ਮਹਾਰਾਜਾ ਰਣਜੀਤ ਸਿੰਘ ਨੇ ਉਸ ਨਰਤਕੀ ਦੀ ਬੇਨਤੀ 'ਤੇ ਧਿਆਨ ਦੇ ਕੇ ਕੁਝ ਪ੍ਰਸਿੱਧ ਪਖਾਵਜ ਵਾਦਕਾਂ ਨੂੰ ਲਾਹੌਰ ਬੁਲਾਇਆ ਅਤੇ ਆਪਣੀ ਇੱਛਾ ਅਨੁਸਾਰ ਕਿਸੇ ਸੁਪਾਤਰ ਤਬਲੀਏ ਨੂੰ ਸਿਖਾਉਣ ਲਈ ਕਿਹਾ।

ਇਸ ਪ੍ਰਕਾਰ ਨਾਈ ਜਾਤੀ ਦੇ ਲੜਕੇ ਗੱਜਾ ਸਿੰਘ ਨੇ ਪਖਾਵਜ ਵਾਦਕਾਂ ਤੋਂ ਤਾਲੀਮ ਹਾਸਲ ਕੀਤੀ। ਗੱਜਾ ਸਿੰਘ ਦੀ ਵੰਸ਼ ਪਰੰਪਰਾ ਵਿੱਚ ਇਨ੍ਹਾਂ ਦੇ ਚਾਰ ਪੁੱਤਰਾਂ ਦਾ ਨਾਂ ਆਉਂਦਾ ਹੈ: 1 ਭੂਪ ਸਿੰਘ 2 ਸ਼ਿਆਮ ਸਿੰਘ 3 ਦੇਵ ਸਿੰਘ 4 ਗੁਰਦਿਤ ਸਿੰਘ । ਇਨ੍ਹਾਂ ਚਾਰ ਭਰਾਵਾਂ ਨੇ ਤਬਲੇ ਦੀ ਸਿੱਖਿਆ ਆਪਣੇ ਪਿਤਾ ਤੋਂ ਪ੍ਰਾਪਤ ਕੀਤੀ। ਇਸ ਘਰਾਣੇ ਦੀ ਸ਼ਿਸ਼ ਪਰੰਪਰਾ ਵਿੱਚ ਭਾਈ ਹਰਨਾਮ ਸਿੰਘ (ਪਹਿਲਾ) ਹਰਨਾਮ ਸਿੰਘ (ਦੂਜਾ) ਭਾਈ ਸੰਤੂ, ਭਾਈ ਰਿਖੀ ਸਿੰਘ, ਭਾਈ ਮਹਿਤਾਬ ਸਿੰਘ, ਭਾਈ ਅਰਜੁਨ ਸਿੰਘ, ਗੁਪਾਲ ਸਿੰਘ, ਭਾਈ ਰਣਜੀਤ ਸਿੰਘ ਦਾ ਨਾਂ ਸ਼ਾਮਲ ਹੈ।

**ਪੰਜਾਬ ਜਾਂ ਲਾਹੌਰ ਘਰਾਣਾ :** ਪੰਜਾਬ ਘਰਾਣੇ ਨੂੰ ਲਾਹੌਰ ਘਰਾਣੇ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ ਕਿਉਂਕਿ ਇਸ ਘਰਾਣੇ ਦੇ ਮੋਢੀ ਫ਼ਕੀਰ ਬਖ਼ਸ਼ ਲਾਹੌਰ ਦੇ ਨਿਵਾਸੀ ਸਨ। ਇਸ ਕਾਰਨ ਇਹ ਲਾਹੌਰ ਘਰਾਣੇ ਦੇ ਨਾਂ ਨਾਲ ਜਾਣਿਆ ਜਾਣ ਲੱਗਾ। ਫ਼ਕੀਰ ਬਖ਼ਸ਼ ਨੂੰ ਤਬਲੇ ਅਤੇ ਪਖਾਵਜ ਵਜਾਉਣ 'ਚ ਮੁਹਾਰਤ ਹਾਸਲ ਸੀ। ਇਨ੍ਹਾਂ ਨੇ ਇਕ ਨਵੀਂ ਵਾਦਨ ਸ਼ੈਲੀ ਨੂੰ ਆਰੰਭ ਕੀਤਾ। ਲਾਹੌਰ ਘਰਾਣੇ ਦੀ ਵੰਸ਼ਾਵਲੀ ਦਾ ਵਰਣਨ ਪਹਿਲਾਂ ਪੰਜਾਬ ਘਰਾਣੇ ਵਿੱਚ ਕੀਤਾ ਜਾ ਚੁੱਕਾ ਹੈ।

**ਕਸੂਰ ਘਰਾਣਾ :** ਪਾਕਿਸਤਾਨ ਦੇ ਸ਼ਹਿਰ ਕਸੂਰ ਦੇ ਨਾਂ 'ਤੇ ਇਸ ਘਰਾਣੇ ਦਾ ਨਾਮ ਕਸੂਰ ਰੱਖਿਆ ਗਿਆ ਹੈ। ਇੱਥੋਂ ਦੇ ਨਿਵਾਸੀ ਫਤਹਿਡੁਲ ਕਸੂਰੀਆ ਤੋਂ ਇਸ ਘਰਾਣੇ ਦਾ ਆਰੰਭ ਮੰਨਿਆ ਜਾਂਦਾ ਹੈ। ਫਤਹਿ ਡੁਲ ਨੇ ਦਿੱਲੀ ਦੇ ਰਹਿਣ ਵਾਲੇ ਤਬਲਾ ਵਾਦਕ ਤੋਂ ਤਬਲੇ ਦੀ ਤਾਲੀਮ ਹਾਸਲ ਕੀਤੀ। ਸਿੱਖਿਆ ਪੂਰੀ ਹੋਣ ਉਪਰੰਤ ਉਹ ਪੰਜਾਬ ਆ ਗਏ। ਇਨ੍ਹਾਂ ਦੇ ਸ਼ਿਸ਼ਾਂ ਵਿੱਚ ਨਬੀ ਬਖ਼ਸ਼ ਅਤੇ ਫ਼ਕੀਰ ਬਖ਼ਸ਼ (ਪੇਸ਼ਾਵਰ ਨਿਵਾਸੀ) ਕਰਮ ਇਲਾਹੀ, ਮੀਰਾ ਬਖ਼ਸ਼ (ਘਿਲਵਾਲੀਆ) ਦੇ ਨਾਂ ਆਉਂਦੇ ਹਨ।

**ਪੰਜਾਬ ਘਰਾਣੇ ਦੇ ਤਬਲਾ ਵਾਦਨ ਦੀਆਂ ਵਿਸ਼ੇਸ਼ਤਾਵਾਂ :**

ਪੰਜਾਬ ਘਰਾਣੇ ਦੇ ਮੋਢੀ ਕਲਾਕਾਰ ਪਖਾਵਜ ਵਾਦਕ ਹੋਣ ਕਾਰਨ ਇਸ ਬਾਜ 'ਤੇ ਪਖਾਵਜ ਦਾ ਪ੍ਰਭਾਵ ਦਿਖਾਈ ਦੇਣਾ ਸੁਭਾਵਿਕ ਹੀ ਹੈ। ਇਸ ਕਾਰਨ ਇਹ ਘਰਾਣਾ ਜ਼ੋਰਦਾਰ ਅਤੇ ਖੁੱਲ੍ਹੇ ਬਾਜ ਵਜੋਂ ਜਾਣਿਆ ਜਾਂਦਾ ਹੈ। ਚਾਰ ਉਂਗਲੀਆਂ ਅਤੇ ਥਾਪ ਦਾ ਪ੍ਰਯੋਗ ਇਸ ਬਾਜ ਦੀ ਇਕ ਵੱਖਰੀ ਪਹਿਚਾਣ ਹੈ। ਪੰਜਾਬ ਘਰਾਣੇ ਦੇ ਕਲਾਕਾਰਾਂ ਨੇ ਪਖਾਵਜ ਦੇ ਬੋਲਾਂ ਦਾ ਬੰਦ ਵਾਦਨ ਤਬਲੇ 'ਤੇ ਕੀਤਾ, ਜਿਸ ਨਾਲ ਇਕ ਵੱਖਰੀ ਵਾਦਨ ਸ਼ੈਲੀ ਦਾ ਆਵਿਸ਼ਕਾਰ ਹੋਇਆ ਜੋ ਪੰਜਾਬ ਬਾਜ ਦੇ ਨਾਂ ਨਾਲ ਜਾਣੀ ਜਾਂਦੀ ਹੈ।

"ਇਸ ਘਰਾਣੇ ਦੇ ਕਲਾਕਾਰ ਕਿਸੇ ਹੋਰ ਤਾਲ ਦੇ ਨਗਮੇ ਵਿੱਚ ਕਿਸੇ ਦੂਜੀ ਤਾਲ (ਵੱਖਰੀ ਮਾਤਰਾ ਵਾਲੀ ਤਾਲ) ਦਾ ਸੋਲੋ ਵਜਾਉਣ ਦੀ ਸਮਰੱਥਾ ਰੱਖਦੇ ਹਨ ਜਿਵੇਂ ਮੀਆਂ ਕਾਦਰ ਬਖ਼ਸ਼ ਤਿੰਨ ਤਾਲ ਦੇ ਨਗਮੇ ਵਿੱਚ ਇਕ ਤਾਲ (12 ਮਾਤਰਾ ) ਦੀ ਸੋਲੋ ਕਈ-ਕਈ ਘੰਟੇ ਵਜਾਉਣ ਵਿੱਚ ਮਾਹਿਰ ਸਨ। ਇਸ ਘਰਾਣੇ ਦੀਆਂ ਚੱਕਰਦਾਰ ਪਰਨਾਂ, ਕਾਇਦਾ, ਪਲਟੇ ਆਦਿ ਵੀ ਬਹੁਤ ਜਟਿਲ ਹੁੰਦੇ ਹਨ। ਜਿਵੇਂ ਚੱਕਰਦਾਰਾਂ ਵਿੱਚ ਸਾਡੇ ਨੌ ਮਾਤਰਾ ਦਾ ਪੱਲਾ ਅਤੇ ਪੌਣੇ ਦੋ ਮਾਤਰਾ ਦਾ ਦਮ, ਸਾਢੇ ਪੰਦਰਾਂ ਮਾਤਰਾ ਦਾ ਪੱਲਾ ਅਤੇ ਪੌਣ ਮਾਤਰਾ ਦਾ ਦਮ ਆਦਿ ਹੁੰਦੇ ਹਨ।

ਕਾਇਦਿਆਂ ਦੇ ਪਲਟਿਆਂ ਦੇ ਪੱਲੇ ਵੀ ਸਾਢੇ ਸੱਤ ਮਾਤਰਾ, ਪੌਣੇ ਚਾਰ ਮਾਤਰਾ, ਸਾਢੇ ਤਿੰਨ ਮਾਤਰਾ ਅਤੇ ਪੰਜ ਮਾਤਰਾ ਦੇ ਹੁੰਦੇ ਹਨ।

ਵਾਦਨ ਦੇ ਦੌਰਾਨ ਮੀਂਡ ਅਤੇ ਹੱਥ ਵਿੱਚ ਲਚੀਲਾਪਨ ਪੰਜਾਬ ਬਾਜ ਦੀ ਅਨੂਠੀ ਵਿਸ਼ੇਸ਼ਤਾ ਹੈ। ਪੰਜਾਬ ਬਾਜ ਦੀ ਵਾਦਨ ਸ਼ੈਲੀ ਵਿੱਚ ਜਿਹੜੇ ਬੋਲ ਜ਼ਿਆਦਾ ਵਜਾਏ ਜਾਂਦੇ ਹਨ। ਉਹ ਇਸ ਪ੍ਰਕਾਰ ਹਨ: ਧਿਨਾਡ, ਦਿੰਗੜ, ਧੇਰ ਧੇਰ ਤੇਰ ਕੇਤ, ਧਾੜਾ ਗੇਨ, ਧਾਤੀ ਧਾੜਾ, ਧਿੰੜਤ, ਕ੍ਰਿੰਤਨ ਘਿੜਤਕ, ਕੜਾਤਾਨ, ਤਕੜ, ਘੇਟਤ, ਧਿੰਨ, ਨਾਧਾ ਆਦਿ ਹਨ।

ਪੰਜਾਬ ਘਰਾਣਾ ਸੁਤੰਤਰ ਬਾਜ ਦੇ ਰੂਪ ਵਿੱਚ ਇੱਕ ਅਲੱਗ ਸਥਾਨ ਰੱਖਦਾ ਹੈ। ਗਾਇਨ-ਵਾਦਨ ਦੀ ਸੰਗਤ ਦੇ ਨਾਲ-ਨਾਲ ਸੁਤੰਤਰ ਵਾਦਨ ਵਿੱਚ ਵੀ ਇਹ ਇਕ ਸਫ਼ਲ ਬਾਜ ਮੰਨਿਆ ਗਿਆ ਹੈ। ਨ੍ਰਿਤ ਨਾਲ ਸੰਗਤ ਦੂਸਰੇ ਘਰਾਣਿਆਂ ਦੀ ਬਜਾਏ ਘੱਟ ਕੀਤੀ ਜਾਂਦੀ ਰਹੀ ਹੈ ਕਿਉਂਕਿ ਪੰਜਾਬ ਵਿੱਚ ਸ਼ਾਸਤਰੀ ਨ੍ਰਿਤ ਦੀ ਕੋਈ ਖ਼ਾਸ ਪਰੰਪਰਾ ਨਹੀਂ ਰਹੀ। ਇਸ ਲਈ ਪੰਜਾਬ ਘਰਾਣੇ ਦੇ ਕਲਾਕਾਰਾਂ ਨੂੰ ਨ੍ਰਿਤ ਨਾਲ ਸੰਗਤ ਕਰਨ ਦਾ ਜ਼ਿਆਦਾ ਮੌਕਾ ਨਹੀਂ ਮਿਲਿਆ। ਪਰ ਇਸ ਮਤਲਬ ਇਹ ਨਹੀਂ ਕਿ ਉਹ ਨ੍ਰਿਤ ਨਾਲ ਸੰਗਤ ਕਰਨ ਦੀ ਕਾਬਲੀਅਤ ਨਹੀਂ ਰੱਖਦੇ ਸਗੋਂ ਮੌਕਾ ਮਿਲਣ ’ਤੇ ਬੜੀ ਬੇਹਤਰ ਸੰਗਤ ਕਰਦੇ ਹਨ। ਵਾਦਨ ਕਰਦੇ ਸਮੇਂ ਕਈ ਪ੍ਰਕਾਰ ਦੀਆਂ ਲੈਅਕਾਰੀਆਂ, ਗਤਾਂ, ਚੱਕਰਦਾਰਾਂ, ਪਰਨਾਂ, ਰੇਲੇ ਆਦਿ ਜ਼ਿਆਦਾ ਵਰਤੋਂ ਵਿੱਚ ਲਿਆਂਦੇ ਜਾਂਦੇ। ਇਸ ਬਾਜ ਦੀ ਸਿਖਲਾਈ ਦੌਰਾਨ ਬੋਲਾਂ ਦੀ ਸ਼ੁੱਧਤਾ ਵੱਲ ਜ਼ਿਆਦਾ ਧਿਆਨ ਦਿੱਤਾ ਜਾਂਦਾ ਹੈ, ਤਾਂ ਜੋ ਹੱਥ ਚੰਗੀ ਤਰ੍ਹਾਂ ਤਿਆਰ ਹੋ ਸਕੇ। ਇਸ ਬਾਜ ਨੂੰ ਸਾਧਨ ਲਈ ਮਿਹਨਤ ਵੀ ਜ਼ਿਆਦਾ ਕਰਨੀ ਪੈਂਦੀ ਹੈ।

ਭਾਸ਼ਾ ਦਾ ਪ੍ਰਭਾਵ ਪੰਜਾਬ ਬਾਜ ਦੀਆਂ ਰਚਨਾਵਾਂ ਵਿੱਚ ਨਜ਼ਰ ਆਉਂਦਾ ਹੈ। “ਜਿਵੇਂ ਕਿ ਧਾਤੀ ਦੇ ਸਥਾਨ ’ਤੇ ਧਾਤ ਦਾ ਉਚਾਰਣ ਅਤੇ ਧਿਰ ਧਿਰ ਕਤ ਦੇ ਸਥਾਨ ’ਤੇ ਧੇਰ ਧੇਰ ਕੇਟ ਦਾ ਉਚਾਰਣ ਆਦਿ ਕੀਤਾ ਜਾਂਦਾ ਹੈ। ਜ਼ਨਾਨੀ ਅਤੇ ਮਰਦਾਨੀ ਗਤਾਂ ਇਸ ਘਰਾਣੇ ਵਿੱਚ ਪ੍ਰਚਲਿਤ ਹਨ। ਜ਼ਨਾਨੀ ਗਤਾਂ ਵਜਾਉਂਦੇ ਸਮੇਂ ਅੱਧੇ ਅਤੇ ਮਰਦਾਨੀ ਗਤਾਂ ਦੇ ਸਮੇਂ ਪੂਰੇ ਹੱਥ ਦੀ ਵਰਤੋਂ ਕੀਤੀ ਜਾਂਦੀ ਹੈ।

ਪੰਜਾਬ ਬਾਜ ਦੀ ਖ਼ਾਸ ਵਿਸ਼ੇਸ਼ਤਾ ਇਹ ਹੈ ਕਿ ਪੰਜਾਬ ਘਰਾਣਾ ਜ਼ੋਰਦਾਰ ਬੋਲਾਂ ਦਾ ਵਾਦਨ ਹੈ। ਇਸ ਵਿੱਚ ਪਖਾਵਜ ਵਾਦਨ ਦੀ ਪੂਰੀ ਛਾਇਆ ਨਜ਼ਰ ਆਉਂਦੀ ਹੈ। ਪੰਜਾਬ ਘਰਾਣੇ ਦੇ ਕਾਇਦੇ ਲੰਬੇ ਅਤੇ ਦੂਸਰਿਆਂ ਘਰਾਣਿਆਂ ਤੋਂ ਅਲੱਗ ਹੁੰਦੇ ਹਨ ਜਿਸ ਵਿੱਚ ਧਿਰ ਧਿਰ ਧਾ, ਧਾ ਤਿਰਕਿਟ ਧੇ ਤਿਟ, ਕਿੜ ਧੇ ਤਿਟ ਗਿੰਨਾ ਤਿਟ ਆਦਿ ਬੋਲਾਂ ਨੂੰ ਵਜਾਉਣ ਦੀ ਖ਼ਾਸ ਵਿਸ਼ੇਸ਼ਤਾ ਹੈ। ਲੈਅ ਦੇ ਚਲਨ ਅਨੁਸਾਰ ਕਾਇਦਿਆਂ ਦਾ ਪ੍ਰਚਲਨ ਹੈ।

ਪੰਜਾਬ ਘਰਾਣੇ ਦੀਆਂ ਗਤਾਂ ਬਹੁਤ ਮਸ਼ਹੂਰ ਹਨ। ਇੱਕ ਕਹਾਵਤ ਵੀ ਹੈ ਕਿ ਪੰਜਾਬ ਘਰਾਣੇ ਦੀਆਂ ਗਤਾਂ ਪੰਜਾਬ ਤੋਂ ਬਨਾਰਸ ਗਈਆਂ। ਉਸਤਾਦ ਮੋਦੂ ਖਾਂ ਦੀ ਪਤਨੀ ਜੋ ਪੰਜਾਬ ਘਰਾਣੇ ਨਾਲ ਸਬੰਧ ਰੱਖਦੀ ਸੀ। ਨੇ ਸਮੇਂ-ਸਮੇਂ ’ਤੇ ਰਾਮਸਹਾਏ ਨੂੰ ਕਾਫ਼ੀ ਕੁਝ ਸਿਖਾਇਆ ਸੀ। ਉਨ੍ਹਾਂ ਦੇ ਦੁਆਰਾ 500 ਗਤਾਂ ਸਿਖਾਏ ਜਾਣ ਦੀ ਗੱਲ ਅਨੇਕ ਕਲਾਕਾਰਾਂ ਅਤੇ ਇਤਿਹਾਸਕਾਰਾਂ ਨੇ ਸਵੀਕਾਰ ਕੀਤੀ ਹੈ। ਪੰਜਾਬ ਘਰਾਣੇ ’ਚ ਤਾਲਾਂ ਦੀਆਂ ਮਾਤਰਾ ਦੇ ਹਿਸਾਬ ਨਾਲ ਵਾਦਨ ਕਰਨ ਦਾ ਰਿਵਾਜ਼ ਰਿਹਾ ਹੈ। ਜਿਵੇਂ ਛੋਟੀ ਸਵਾਰੀ, ਵੱਡੀ ਸਵਾਰੀ ਆਦਿ। ਗੀਤ ਅੰਗ ਦੇ ਕਾਇਦੇ ਸਿਰਫ਼ ਪੰਜਾਬ ਘਰਾਣੇ ਵਿੱਚ ਦੇਖਣ ਨੂੰ ਮਿਲਦੇ ਹਨ।

ਪੰਜਾਬ ਘਰਾਣੇ ਵਿੱਚ ਸਵਾਰੀ ਤਾਲਾਂ ਦੀ ਰਚਨਾ ਵੀ ਮਿਲਦੀ ਹੈ। ਜਿਵੇਂ 9 ਮਾਤਰਾ ਦੀ ਸਵਾਰੀ, 11 ਮਾਤਰਾ, 15 ਮਾਤਰਾ ਅਤੇ 18 ਮਾਤਰਾ ਦੀ ਸਵਾਰੀ ਆਦਿ। ਉਸਤਾਦ ਲੋਕਾਂ ਨੇ ਸਵਾਰੀ ਤਾਲਾਂ ਦੀ ਰਚਨਾ ਮਾਤਰਾ ਦੇ ਹਿਸਾਬ ਨਾਲ ਕੀਤੀ ਹੈ। ਪੰਜਾਬੀ ਧਮਾਰ ਤਾਲ ਕਿਸੇ ਹੋਰ ਘਰਾਣੇ ਵਿੱਚ ਨਹੀਂ ਮਿਲਦੀ। ਪੰਜਾਬੀ ਧਮਾਰ ਤਾਲ ਵਿੱਚ ਸੁਤੰਤਰ ਵਾਦਨ ਦਾ ਬਹੁਤ ਰਿਵਾਜ਼ ਰਿਹਾ ਹੈ।

ਪੰਜਾਬ ਵਿੱਚ ਵਾਦਨ ਸੰਗੀਤ ਦਾ ਬਹੁਤ ਵਿਕਾਸ ਹੋਇਆ ਹੈ ਅਤੇ ਹੁਣ ਵੀ ਨਿਰੰਤਰ ਜਾਰੀ ਹੈ। ਵਾਦਨ ਪਰੰਪਰਾ ਦੇ ਅੰਤਰਗਤ ਪੰਜਾਬ ਦੇ ਕਲਾਕਾਰਾਂ ਨੇ ਪੰਜਾਬ ਬਾਜ ਨੂੰ ਸਿਖ਼ਰਾਂ ’ਤੇ ਪਹੁੰਚਾਉਣ ਵਿੱਚ ਆਪਣਾ ਨਿੱਗਰ ਯੋਗਦਾਨ ਪਾਇਆ ਹੈ। ਗੁਰਮਤਿ ਸੰਗੀਤ ਦੇ ਪ੍ਰਚਾਰ ਨੇ ਵੀ ਪੰਜਾਬ ਵਿੱਚ ਤਬਲੇ ਦੇ ਪ੍ਰਚਾਰ ਨੂੰ ਹੁਲਾਰਾ ਦਿੱਤਾ।

ਉਸਤਾਦ ਕੁਲਵਿੰਦਰ ਸਿੰਘ ਨੇ ਪਿੰਡ ਫਤਹਿ ਭੁੰਗਾ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ 2004 ਵਿੱਚ 'ਪੁਰਾਤਨ ਕਲਾ ਪੰਜਾਬ ਘਰਾਣਾ ਤਬਲਾ ਵਾਦਨ ਸਿੱਖਿਆ ਕੇਂਦਰ' ਦੀ ਸਥਾਪਨਾ ਕੀਤੀ ਜੋ ਕਿ 2006 ਵਿੱਚ ਰਜਿਸਟਰਡ ਸੰਸਥਾ ਬਣ ਗਈ। ਇਸ ਸੰਸਥਾ ਦੁਆਰਾ ਸੰਗੀਤ ਵਿਸ਼ਾਰਦ (ਗਾਇਨ), ਤਾਲ ਸਾਜ਼ ਵਾਦਨ ਤੇ ਤੰਤੀ ਸਾਜ਼ ਵਾਦਨ ਵਿੱਚ ਵਿਸ਼ਾਰਦ ਦੀਆਂ ਡਿਗਰੀਆਂ ਵੀ ਕਰਾਈਆਂ ਜਾਂਦੀਆਂ ਹਨ। ਉਸਤਾਦ ਕੁਲਵਿੰਦਰ ਸਿੰਘ ਨੇ 2011 ਵਿੱਚ ਆਪਣੇ ਗੁਰੂ ਉਸਤਾਦ ਅੱਲ੍ਹਾ ਰੱਖਾ ਖਾਂ ਦੇ ਨਾਂ 'ਤੇ ਸੰਗੀਤ ਸੰਮੇਲਨ ਆਯੋਜਿਤ ਕੀਤਾ ਜੋ ਕਿ ਸਾਲਾਨਾ ਸੰਗੀਤ ਸੰਮੇਲਨ ਦੇ ਰੂਪ ਵਿੱਚ ਨਿਰੰਤਰ ਜਾਰੀ ਹੈ। ਇਸ ਸੰਗੀਤ ਸੰਮੇਲਨ ਦਾ ਮੁੱਖ ਮੰਤਵ ਉੱਭਰ ਰਹੇ ਕਲਾਕਾਰਾਂ ਨੂੰ ਮੰਚ ਪ੍ਰਦਾਨ ਕਰਨਾ ਹੈ। ਇਸ ਸੰਗੀਤ ਸੰਮੇਲਨ ਵਿੱਚ ਗੁਣੀ ਅਤੇ ਉੱਘੇ ਕਲਾਕਾਰਾਂ ਨੂੰ 'ਪੰਜਾਬ ਘਰਾਣਾ ਸੰਗੀਤ ਐਵਾਰਡ' ਦੇ ਕੇ ਨਿਵਾਜ਼ਿਆ ਵੀ ਜਾਂਦਾ ਹੈ। ਜੇਕਰ ਲਹਿੰਦੇ ਪੰਜਾਬ ਵਿੱਚ ਪੰਜਾਬ ਘਰਾਣੇ ਦੇ ਤਬਲਾ ਵਾਦਕਾਂ ਦੀ ਗੱਲ ਕਰੀਏ ਤਾਂ ਇਨ੍ਹਾਂ ਵਿੱਚ ਉਸਤਾਦ ਮੀਆਂ ਸ਼ੌਕਤ ਹੁਸੈਨ, ਉਸਤਾਦ ਤਾਫੂ ਖਾਂ (ਅਲਤਫ ਹੁਸੈਨ ਤਾਫੂ) ਅਤੇ ਉਸਤਾਦ ਤਾਰੀ ਖਾਂ (ਅਬਦੁਲ ਸਤਾਰ ਖਾਂ) ਨੇ ਪੰਜਾਬ ਘਰਾਣੇ ਦੀ ਪਰੰਪਰਾ ਨੂੰ ਪ੍ਰਫੁਲਿਤ ਕਰਨ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਪੰਜਾਬ ਘਰਾਣੇ ਦੇ ਕੁੱਝ ਪ੍ਰਮੁੱਖ ਕਲਾਕਾਰਾਂ ਅਤੇ ਉਸਤਾਦਾਂ ਦੇ ਨਾਂ ਇਸ ਪ੍ਰਕਾਰ ਹਨ: ਉਸਤਾਦ ਅੱਲ੍ਹਾ ਰੱਖਾ ਖਾਂ, ਉਸਤਾਦ ਜ਼ਾਕਿਰ ਹੁਸੈਨ, ਪੰ. ਯੋਗੇਸ਼ ਸਮਸੀ, ਪੰ. ਕਾਲੇ ਰਾਮ, ਪੰ. ਰਮਾਕਾਂਤ, ਉਸਤਾਦ ਕੁਲਵਿੰਦਰ ਸਿੰਘ, ਪੰਡਿਤ ਸੁਸ਼ੀਲ ਕੁਮਾਰ ਜੈਨ, ਵਿਦੁਸ਼ੀ ਅਨੁਰਾਧਾ ਪਾਲ, ਸੰਤੋਸ਼ ਕਟਾਰੀਆ, ਤਿਲਕ ਰਾਜ, ਡਾ. ਜਗਮੋਹਨ ਸ਼ਰਮਾ, ਜੈਦੇਵ, ਰਣਜੀਤ ਸਿੰਘ, ਤਰਸੇਮ ਸਿੰਘ, ਕ੍ਰਿਸ਼ਨ ਕੁਮਾਰ, ਗੋਤਮਧਰ, ਅਵਿਰਭਾਵ ਵਰਮਾ, ਅਨਿਕਬਾਰ, ਸੁਭਾਸ਼ ਕਾਲੀ, ਰਘੁਬੀਰ ਸਿੰਘ, ਰਾਜਵਿੰਦਰ ਸਿੰਘ ਅਤੇ ਮਨੀ ਭਾਰਦਵਾਜ਼ ਆਦਿ। ਬੇਸ਼ਕ ਅੱਜ ਪੰਜਾਬ ਘਰਾਣੇ ਦੇ ਤਬਲੇ ਵਾਦਕ ਵਿਸ਼ਵ ਭਰ 'ਚ ਤਬਲੇ ਦਾ ਪ੍ਰਚਾਰ ਕਰ ਰਹੇ ਹਨ। ਪਰ ਅਜੋਕੇ ਸਮੇਂ ਵੀ ਪੰਜਾਬ ਵਿੱਚ ਵਸੇ ਪੰਜਾਬ ਘਰਾਣੇ ਦੇ ਤਬਲਾ ਵਾਦਕ ਇਸ ਪੁਰਾਤਨ ਪਰੰਪਰਾ ਦੀ ਰਹਿਨੁਮਾਈ ਕਰ ਰਹੇ ਹਨ ਜੋ ਪੰਜਾਬ ਬਾਜ ਦੇ ਉਜਲੇ ਭਵਿੱਖ ਦਾ ਪ੍ਰਤੀਕ ਹੈ।

*ਰਿਸਰਚ ਸਕਾਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਰਾਗ ਮਧੂਵੰਤੀ (ਰੂਪਕ ਤਾਲ)

## ਸੁਰਲਿਪੀ ਸਰਦਾਰ ਗੁਰਬਖ਼ਸ਼ ਸਿੰਘ ਜੀ

Website: http://www.gurbaniraags.com

ਓਢਵ ਸੰਪੂਰਨ ਆਧੁਨਿਕ ਰਾਗ ਮਧੂਵੰਤੀ ਦੇ ਆਰੋਹ ਵਿੱਚ ਰਿਖਬ ਅਤੇ ਧੈਵਤ ਵਰਜਤ ਹਨ। ਇਸ ਵਿੱਚ ਗੰਧਾਰ ਕੋਮਲ, ਮੱਧਯਮ ਤੀਵਰ ਅਤੇ ਬਾਕੀ ਸੁਰ ਸ਼ੁੱਧ ਹਨ। ਇਸ ਸ਼ਾਮ ਵੇਲੇ ਦੇ ਰਾਗ ਵਿੱਚ ਪੰਚਮ ਵਾਦੀ ਅਤੇ ਖਰਜ ਸੰਵਾਦੀ ਦੱਸਿਆ ਜਾਂਦਾ ਹੈ। ਪੰਡਤ ਪਟਵਰਧਨ ਜੀ ਇਸ ਰਾਗ ਦਾ ਨਾਮ 'ਅੰਬਿਕਾ' ਵੀ ਦੱਸਦੇ ਹਨ। ਕਈ ਵਿਦਵਾਨ ਇਸ ਰਾਗ ਵਿੱਚ ਦੋਵੇਂ ਨਿਖਾਦ ਵਰਤਦੇ ਹਨ ਪਰ ਉਨ੍ਹਾਂ ਦੀ ਗਿਣਤੀ ਬਹੁਤ ਘੱਟ ਹੈ। ਦਲੀਪ ਚੰਦਰ ਬੇਦੀ ਜੀ ਅਨੁਸਾਰ ਮਧੂਵੰਤੀ ਵਿੱਚ ਦੋਵੇਂ ਨਿਖਾਦ ਲਾਉਣ ਨਾਲ ਰਾਗ 'ਤੁਖਾਰੀ' ਬਣ ਜਾਵੇਗਾ। ਰਾਗ ਤੁਖਾਰੀ ਨੂੰ 7/8 ਤਰੀਕਿਆਂ ਨਾਲ ਗਾਇਆ ਜਾਂਦਾ ਹੈ, ਕਿਹੜਾ ਤੁਖਾਰੀ ਪਰਮਾਣਿਕ ਹੈ ਤੇ ਕਿਹੜਾ ਨਹੀਂ। ਕਹਿਣ ਦਾ ਭਾਵ ਹੈ ਕਿ ਤੁਖਾਰੀ ਤੋਂ ਬਚਣ ਵਾਸਤੇ ਮਧੂਵੰਤੀ ਵਿੱਚ ਸ਼ੁੱਧ ਨਿਖਾਦ ਹੀ ਉਚਿਤ ਹੈ। ਮਧੂਵੰਤੀ ਦੇ ਆਰੋਹ ਵਿੱਚ ਗੰਧਾਰ ਅਲਪ ਹੈ ਅਤੇ ਨਿਖਾਦ ਤੋਂ ਤਾਰ ਖਰਜ ਤੇ ਜਾਂਦਿਆਂ ਨਿਖਾਦ ਤੇ ਠਹਿਰਾਓ ਹੈ। ਅਵਰੋਹ ਵਿੱਚ ਰਿਖਬ ਉੱਤੇ ਖਰਜ ਦਾ ਕਣ ਅਤੇ ਆਰੋਹ, ਅਵਰੋਹ ਵਿੱਚ ਗੰਧਾਰ ਉੱਤੇ ਤੀਵਰ ਮੱਧਯਮ ਦਾ ਕਣ ਰਾਗ ਦੀ ਸੁੰਦਰਤਾ ਵਧਾਉਂਦਾ ਹੈ।

**ਆਰੋਹ**: ਨ਼ ਸ ਗੁ ਮ' ਪ ਨ ਸੰ

**ਅਵਰੋਹ**: ਸੰ ਨ ਧ ਪ ਮ' ਗੁ ^ਸਰ ਸ

**ਮੁੱਖ ਅੰਗ**: ਨ਼ ਸ ^ਮਗੁ ਮ' ਪ ਮ' ਗੁ ^ਸਰ ਸ।

**ਚਾਲ**: ਨ਼ ਸ, ਨ਼ ਸ ਗੁ ਰ ਸ, ਗੁ ਰ ਸ ਨ਼ ਧ਼ ਪ਼ – ਪ਼ ਨ਼ – ਸ, ਸ – ਗੁ ਮ' ਪ – ਮ' ਪ ^ਮਗੁ – ਮ'
ਗੁ ^ਸਰ – ਸ, ਸ ^ਮਗੁ ਮ' ਪ – ਗੁ ਮ' ਪ ਨ – ਧ – ਪ – ਮ' ਪ ^ਮਗੁ – ^ਸਰ – ਸ, ਮ' ਗੁ ਮ' ਪ
ਨ – ਸੰ, ਪ ਨ ਸੰ – ^ਮਗੁੰ ਰੰ – ਸੰ, ਗੁੰ ਰੰ ਸੰ ਨ ਧ ਪ – ਪ ਧ ਮ' ਪ ਗੁ ਮ' ਪ ਗੁ ਮ' ਪ ਨ
ਧ ਪ – ਧ ਮ' ਪ ਗੁ – ^ਸਰ – ਸ, ^ਸਰ ਨ਼ – ਧ਼ ਪ਼ – ਨ਼ – ਪ਼ ਨ਼ ਸ ^ਮਗੁ ਰ – ਸ।

## ਅਸਥਾਈ

| | | | | | | | | | | | | | |
|---|---|---|---|---|---|---|---|---|---|---|---|---|---|
| ਨ਼ | - | ਸ | (ਮ॑)ਗੁ | ਗੁ | ਮ॑ | - | ਪੁਪ | - | ਮ॑ | ਪ | - | ਪ | - |
| ਦੀ | ऽ | ਨ | ਦੁ | ਨੀ | ਆ | ऽ | ਦਰੁ | ऽ | ਕੁ | ਮੰ | ऽ | ਦੇ | ऽ |
| ਮ॑ | - | ਗੁ | ਮ॑ | - | ਧ | ਪ | (ਮ॑)ਗੁ | - | ਰਸ | (ਸ)ਰ | - | ਸ | - |
| ਆਂ | ऽ | ਪ | ਰੀ | ऽ | ਰੁ | ਖ਼ | ਸਾ | ऽ | ਰੇऽ | ਮਾ | - | - | - |
| x | | | ੨ | | ੩ | | x | | | ੨ | | ੩ | |

ਹਰ ਦੋ ਆਲਮ ਉਪਰਲੀਆਂ ਸੁਰਾਂ ਵਿੱਚ ਹੀ

## ਅੰਤਰਾ

| | | | | | | | | | | | | | |
|---|---|---|---|---|---|---|---|---|---|---|---|---|---|
| ਪ | ਮ॑ | ਪ | (ਮ॑)ਗੁ | - | ਮ॑ | ਪ | ਨ | - | ਨ | ਸੰ | - | ਸੰ | - |
| ਮਾ | ऽ | ਨ | ਮੇ | ऽ | ਆ | ऽ | ਰੇ | ऽ | ਮ | ਤਾ | ऽ | ਬੇ | ऽ |
| ਨਨ | - | ਸੰ | (ਮ॑)ਗੁੰ | - | ਰੰ | ਸੰ | ਨ | - | ਸੰ | ਧ | - | ਪ | - |
| ਗਮ | ऽ | ਜ਼ | ਏ | ऽ | ਮਿ | ਯ | ਗ਼ਾ | ऽ | ਨਿ | ਊ | ऽ | ऽ | ऽ |
| ਪ | ਮ॑ | ਪ | ਗੁਮ॑ | ਪ | ਮ॑ | ਪ | ਗੁ | - | ਰਸ | ਰ | - | ਨ਼ | ਸ |
| ਯ | ਕ | ਨਿ | ਗਾऽ | ऽ | ਹੇ | ऽ | ਜਾਂ | ऽ | ਫ਼ਿऽ | ਜ਼ਾ | ऽ | ਇ | ਸ਼ |
| ਨ਼ | ਨ਼ | ਸ | (ਮ॑)ਗੁ | ਗੁ | ਮ॑ | ਪ | ਧ | - | ਪਮ॑ | ਗੁ | ਰ | ਨ਼ | ਸ, |
| ਬ | ਸ | ਬ | ਵ | ਦ | ਦ | ਰ | ਕਾ | ऽ | ਰੇऽ | ਮਾ | ऽ | ऽ | ऽ, |
| x | | | ੨ | | ੩ | | x | | | ੨ | | ੩ | |

# ਸੁਰਲਿਪੀ ਵਾਲਾ ਸ਼ਬਦ ਅਤੇ ਉਸਦੇ ਅੰਗ੍ਰੇਜ਼ੀ ਵਿਚ ਅਰਥ

## ਦੀਨੋ ਦੁਨੀਆ ਦਰ ਕਮੰਦਿ ਆਂ ਪਰੀ ਰੁਖ਼ਸਾਰਿ ਮਾ

**ਦੀਨੋ ਦੁਨੀਆ ਦਰ ਕਮੰਦਿ ਆਂ ਪਰੀ ਰੁਖ਼ਸਾਰਿ ਮਾ**

**ਹਰ ਦੋ ਆਲਮ ਕੀਮਤਿ ਯੱਕ ਤਾਰਿ ਮੂਇ ਯਾਰਿ ਮਾ ॥ ੨ ॥ ੧ ॥**

**ਮਾ ਨਮੀ ਆਰੇਮ ਤਾਬਿ ਗ਼ਮਜ਼ਾਇ ਮਿਜ਼ਗਾਨਿ ਊ**

**ਯੱਕ ਨਿਗਾਹਿ ਜਾਂ-ਫਿਜ਼ਾਇਸ਼ ਬਸ ਬਵਦ ਦਰਕਾਰਿ ਮਾ ॥ ੨ ॥ ੨ ॥**

**ਗਾਹੇ ਸੂਫੀ ਗਾਹੇ ਜ਼ਾਹਿਦ ਗਹਿ ਕਲੰਦਰ ਮੀ ਸ਼ਵਦ**

**ਰੰਗਹਾਇ ਮੁਖ਼ਤਲਿਫ ਦਾਰਦ ਬੁਤਿ ਅਯਾਰ ਮਾ ॥ ੨ ॥ ੩ ॥**

**ਕਦਰਿ ਲਾਅਲਿ ਊ ਬਜੁਜ਼ ਆਸ਼ਿਕ ਨਾਂ ਦਾਨਦ ਹੀਚ ਕਸ**

**ਕੀਮਤਿ ਯਾਕੂਤ ਦਾਨਦ ਚਸ਼ਮਿ ਗੌਹਰ ਬਾਰਿ ਮਾ ॥ ੨ ॥ ੪ ॥**

**ਹਰ ਨਫਸ ਗੋਯਾ ਬ-ਯਾਦ ਨਰਗਸਿ ਮਖ਼ਮੂਰਿ ਊ**

**ਬਾਦਾਹਾਇ ਸ਼ੌਕ ਮੀ-ਨੋਸ਼ਦ ਦਿਲਿ ਹੁਸ਼ਿਆਰਿ ਮਾ ॥ ੨ ॥ ੫ ॥**

**ਭਾਈ ਨੰਦ ਲਾਲ ਜੀ : ਦੀਵਾਨ-ਏ-ਗੋਯਾ : ਗ਼ਜ਼ਲ ੨**

### ENGLISH TRANSLATION

Both the religion and the actions of the world are in the grip of my beloved, handsome and fairy-faced friend.
Both the worlds, this and the next, are (not) equal to or match the price (weight) of just one hair of my friend-mentor, Guru Gobind Singh Ji. (2) (1)
"I don't have the strength to bear the intensity of even one of his skewed looks,
Just one of his (blessed) looks, that prolongs life instantly, is enough for me." (2) (2)
Sometimes, he acts like a mystic, sometimes like a meditator, and other times like a carefree recluse;
He is our pilot steering our way; he operates in numerous different postures. (2) (3)
Who other than his true devotee-lover can evaluate his pearl-like lips?
The value of this gem is only appreciated by a diamond-rearing-vision. (2) (4)
During every moment of Goyaa's life, my alert heart and soul are relishing the memory of intoxication of his Narcissus-like-imbued eyes. (2) (5)

(Bhai Nand Lal Ji: Diwan-e-Goya: Ghazal 2)

# ਆਪਣੇ ਰਾਹਬਰ ਨੂੰ ਚੇਤੇ ਕਰਦਿਆਂ

ਸ਼ਿਵ ਨਾਥ

ਗੁਰੂ ਨਾਨਕ ਤੂੰ ਸ਼ਾਇਰ ਸੈਂ
ਤੇ ਮੈਂ ਵੀ ਸ਼ਾਇਰ ਅਖਵਾਂਦਾ ਹਾਂ।
ਮਗਰ ਤੇਰੇ ਤੇ ਮੇਰੇ ਵਿੱਚ ਅੰਤਰ ਹੈ
ਸੈਆਂ ਕੋਹਾਂ ਦਾ,
ਤੂੰ ਸਕਤੇ ਨਾਲ ਭਿੜਦਾ ਸੈਂ
ਤੇ ਮੈ ਉਸ ਤੋਂ ਖੌਫ ਖਾਂਦਾਂ ਹਾਂ।
ਮੇਰੇ ਬਾਬਾ ਤੂੰ ਮੈਨੂੰ ਵੀ ਜ਼ਰਾ ਇਹ
ਢੰਗ ਤਾਂ ਦੱਸ ਦੇਹ,
ਕਿਵੇਂ ਰਾਜੇ ਨੂੰ ਸ਼ੀਂਹ ਆਖਾਂ ਤੇ ਉਸਦੇ
ਅਹਿਲਕਾਰਾਂ ਨੂੰ ਵਰਾਛਾਂ ਤੀਕ ਮੂੰਹ ਪਾਟੇ।
ਤੇਰੇ ਮਰਦਾਨਿਆਂ ਨੂੰ
ਪਿਆਸ ਨੇ ਡਾਢਾ ਸਤਾਇਆ ਹੈ।
ਤੇ ਜਲ ਕਰ ਕੇ ਇਕਠਾ ਸਾਰਾ
ਵਲੀਆਂ ਨੇ ਖੜ੍ਹਾਇਆ ਹੈ।
ਮੇਰੇ ਵਿਚ ਜ਼ੋਰ ਨਹੀਂ ਇੰਨਾ
ਤੇ ਨਾ ਹੀ ਸੂਝ ਹੈ ਮੈਨੂੰ ।
ਕਿਵੇਂ ਇਸ ਦੌਰ ਵਿੱਚ
ਉਹਨਾਂ ਨੂੰ ਠੀਕ ਰਾਹ ਤੇ ਪਾਵਾਂਗਾ।
ਤੇ ਬਝਿਆ ਜਲ ਛੁਡਾਵਾਂਗਾ।
ਤੇ ਆਪਣੇ ਪਿਆਸੇ ਸਾਥੀਆਂ ਦੀ ਪਿਆਸ ਨੂੰ ਬੁਝਾਵਾਂਗਾ।
ਗੁਰੂ ਨਾਨਕ ਤੂੰ ਸ਼ਾਇਰ ਸੈਂ
ਤੇ ਮੈਂ ਵੀ ਸ਼ਾਇਰ ਅਖਵਾਂਦਾ ਹਾਂ।
ਮਗਰ ਤੇਰੇ ਤੇ ਮੇਰੇ ਹੁਨਰ ਵਿੱਚ
ਅੰਤਰ ਹੈ ਸੈਆਂ ਕੋਹਾਂ ਦਾ
ਤੂੰ ਸਕਤੇ ਨਾਲ ਭਿੜਦਾ ਸੈਂ
ਤੇ ਮੈਂ ਉਸ ਤੋਂ ਖੌਫ ਖਾਂਦਾ ਹਾਂ।

96538 70627

RNI Regd. No.46788/89 ISSN 0972-2335

